Space for Available
for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

**ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ**

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 227, ਮਿਤੀ : 17 ਨਵੰਬਰ ਤੋਂ 24 ਨਵੰਬਰ 2023 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com



# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227 | Website: www.preetnama.com Email preetnamausa@gmail.com | 24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023






## NY1 Sarpanch Construction INC



Himmat Singh
917-553-5036

Our Society Helped
a Needy People

118-08 Atlantic Avenue,
Queens NY 11419
Ny1sarpanch@gmail.com



Mohinder Singh
917-940-9004

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023





ਆਪ ਸਭ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਉਤਸਵ ਦੀਆਂ ਲੱਖ ਲੱਖ ਵਧਾਈਆਂ

**BJ Digital Video & Photo**

Broadcast HD film Quality



**Baldev Singh BJ**

116-12, 101 Ave, South Richmond Hill NY-11419 USA
PH Shop : (718) 441-6516, Cell : (646) 403-7334
email : bj_video@yahoo.com

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023






ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ ਦਲੇਰ ਸਿੰਘ ਵੱਲੋਂ ਸਮੂਹ ਸਾਧ ਸੰਗਤ ਨੂੰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ

ਦੀਆਂ ਲੱਖ ਲੱਖ ਵਧਾਈਆਂ



Daler Singh (President)

917-849-9033

Baba Makhan Shah Lubana Sikh Center
113-10 101st Ave, South Richmond Hill,
NY 11419, United States

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023







# ਗੁਰੂ ਨਾਨਕ ਦੇਵ ਜੀ ਸਾਹਿਬ ਦੀ ਬਾਣੀ ਵਿੱਚ ਔਰਤ ਦਾ ਪਰਿਪੇਖ

ਨਾਨਕ ਦੀ ਬਾਣੀ ਵਿੱਚ ਧਰਮ ਦਾ ਫਰਜ਼ ਹੁੰਦਾ ਹੈ ਕਿ ਉਹ ਮਨੁੱਖ ਨੂੰ ਸਹੀ ਢੰਗ ਨਾਲ ਜ਼ਿੰਦਗੀ ਜਿਉਣਾ ਸਿਖਾਵੇ ਤਾਂ ਕਿ ਉਹ ਮਨੁੱਖੀ ਜ਼ਿੰਦਗੀ ਨੂੰ ਸੁਖਾਵੀਂ, ਸ਼ਾਂਤੀ ਤੇ ਖੁਸ਼ੀ ਭਰਪੂਰ ਮਾਣ ਸਕੇ। ਸਿੱਖ ਧਰਮ ਮਨੁੱਖ ਨੂੰ ਜ਼ਿੰਦਗੀ ਨਾਲ ਜੋੜਦਾ ਹੈ ਅਤੇ ਸਿੱਖ ਆਪਣੀ ਜ਼ਿੰਦਗੀ ਨਾਲ ਧਰਮ ਨੂੰ ਜੋੜਦਾ ਹੈ। ਜੇਕਰ ਕਿਸੇ ਧਰਮ ਜਾਂ ਫਲਸਫੇ ਨੂੰ ਮਨੁੱਖੀ ਜ਼ਿੰਦਗੀ ਤੋਂ ਵੱਖਰਾ ਕਰ ਦਿੱਤਾ ਜਾਵੇ ਤਾਂ ਉਹ ਵਿਚਾਰਧਾਰਾ ਜਾਂ ਧਰਮ ਸਫਲ ਹੋ ਕੇ ਵਿਕਸਿਤ ਨਹੀਂ ਹੈ ਸਕਦਾ। ਗੁਰਬਾਣੀ ਦਾ ਪ੍ਰਧਾਨ ਵਿਸ਼ਾ-ਵਸਤੂ ਭਾਵੇਂ ਅਧਿਆਤਮਕ ਜਾਂ ਪਰਮਾਰਥਕ ਹੈ ਪਰ ਸਿੱਖ ਗੁਰੂਆਂ ਨੇ ਆਪਣੇ ਸਮੇਂ ਦੇ ਸਮਾਜ ਵਿੱਚ ਫੈਲੀਆਂ ਅਮਾਨਵਤਾਵਾਦੀ ਕਰੀਤੀਆਂ ਅਤੇ ਵਿਵਹਾਰ ਵਿਰੁੱਧ ਪੁਰਜ਼ੋਰ ਆਵਾਜ਼ ਉਠਾਈ। ਸਮਾਜ ਦੇ ਵਾਤਾਵਰਣ ਨੂੰ ਸਰਲ ਅਤੇ ਸੁੰਦਰ ਬਣਾਉਣ ਲਈ ਅਤੇ ਚੰਗੇਰੇ ਪਰਿਵਾਰਿਕ ਅਤੇ ਸਮਾਜਿਕ ਜੀਵਨ ਜੀਉਣ ਲਈ ਸੇਧਾਂ ਵੀ ਦਿੱਤੀਆਂ ਕਿਉਂਕਿ ਮਨੁੱਖ ਦੇ ਆਤਮ ਵਿਕਾਸ ਲਈ ਸੁਖਾਵਾਂ ਸਮਾਜਿਕ ਜੀਵਨ ਬਹੁਤ ਜਰੂਰੀ ਹੈ। ਇਕ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਗੁਰੂ ਸਾਹਿਬਾਨ ਨੇ ਪ੍ਰਾਣੀ ਨੂੰ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਤੌਰ ਤੇ ਸੁਚੇਤ ਹੋਣ ਲਈ ਪ੍ਰੇਰਿਆ। ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਨਾਰੀ ਵਰਗ ਜੋ ਸਮਾਜ ਦਾ ਅੱਧਾ ਅੰਗ ਹੈ ਜੇ ਉਸਨੂੰ ਸਮਾਜ ਵਿਚ ਚੰਗਾ ਸਥਾਨ ਪ੍ਰਾਪਤ ਨਹੀ ਹੈਂ ਤਾਂ ਸਮਾਜ ਕਿਵੇਂ ਪ੍ਰਫੁਲਤ ਹੋ ਸਕਦਾ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵੀ ਔਰਤ ਭਗਤ ਦੀ ਬਾਣੀ ਨਹੀਂ ਹੈ ਅਤੇ ਵਿਸ਼ਾ-ਵਸਤੂ ਨੂੰ ਮੁੱਖ ਤੌਰ ਤੇ @ਮੇਲ ਪ੍ਰੈਸਪਿਕਟਿਵ@ ਤੋਂ ਹੀ ਪੇਸ਼ ਕੀਤਾ ਗਿਆ ਹੈ ਪਰ ਜਿਥੋਂ ਤੱਕ ਗੁਰੂ ਸਾਹਿਬਾਨ ਦੇ ਔਰਤਾਂ ਦੀ ਮੁਕਤੀ ਸਮਾਨਤਾ ਤੇ ਸ਼ਕਤੀਸ਼ਾਲੀਨਤਾ ਬਾਰੇ ਵਿਚਾਰ ਹਨ। ਗੁਰੂ ਕਾਲ ਤੋਂ ਪਹਿਲਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਨਾਰੀ ਦੀ ਦਸ਼ਾ ਚੰਗੀ ਨਹੀਂ ਸੀ। ਮਰਦ ਨਾਲੋਂ ਇਸਤਰੀ ਦਾ ਦਰਜਾ ਨੀਵਾਂ ਸਮਝਿਆ ਜਾਂਦਾ ਸੀ ਜਿਸਦੇ ਸਿੱਟੇ ਵਜੋਂ ਉਸਨੂੰ ਜੀਵਨ ਸਭ ਪੱਖਾਂ ਤੋਂ ਮਰਦ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਸਨ। ਉਹ ਆਦਮੀ ਦਾ ਕੇਵਲ ਮਨ ਪ੍ਰਚਾਵੇ ਦਾ ਸਾਧਨ ਬਣ ਕੇ ਰਹਿ ਗਈ ਸੀ। ਆਦਮੀ ਉਸਨੂੰ ਆਪਣੀ ਮਲਕੀਅਤ ਤੋਂ ਵੱਧ ਹੋਰ ਕੁਝ ਨਹੀਂ ਸਮਝਦਾ।ਧਾਰਮਿਕ ਆਗੂ ਵੀ ਇਸਤਰੀ ਨੂੰ ਯੋਗ ਸਤਿਕਾਰ ਨਹੀਂ ਸਨ ਦਿੰਦੇ।

ਆਦਮੀ ਦਾ ਕੇਵਲ ਮਨ ਪ੍ਰਚਾਵੇ ਦਾ ਸਾਧਨ ਬਣ ਕੇ ਰਹਿ ਗਈ ਸੀ। ਆਦਮੀ ਉਸਨੂੰ ਆਪਣੀ ਮਲਕੀਅਤ ਤੋਂ ਵੱਧ ਹੋਰ ਕੁਝ ਨਹੀਂ ਸੀ ਸਮਝਦਾ। ਧਾਰਮਿਕ ਆਗੂ ਵੀ ਇਸਤਰੀ ਨੂੰ ਯੋਗ ਸਤਿਕਾਰ ਨਹੀਂ ਸਨ ਦਿੰਦੇ। ਉਸ ਸਮੇਂ ਦੇਸ਼ ਵਿਚ ਪ੍ਰਚਲਿਤ ਭਾਰਤੀ ਤੇ ਸਾਮੀਂ ਦੋਵੇਂ ਪਰੰਪਰਾਵਾਂ ਇਸਤਰੀ ਜਾਤੀ ਨੂੰ ਤ੍ਰਿਸਕਾਰ ਰਹੀਆਂ ਸਨ। ਮਧ ਕਾਲੀਨ ਭਾਰਤ ਵਿਚ ਭਾਰਤੀ ਤੇ ਸਾਮੀ ਸਭਿਆਚਾਰਾਂ ਨੇ, ਦੇਸ਼ ਦੀ ਰਾਜਨੀਤਿਕ ਸਥਿਤੀ ਅਤੇ ਪੁਰਖ ਇਸਤਰੀ ਦੇ ਨਸਲੀ ਵਿਤਕਰੇ ਨੇ ਦੇਸ਼ ਭਾਰਤ ਵਿੱਚ ਔਰਤਾਂ ਨੂੰ ਬੁਰਕੇ ਵਿਚ ਲਪੇਟਣਾ, ਘੁੰਢ ਵਿਚ ਬੰਦ ਕਰਨਾ, ਪਤੀ ਦੇ ਮਰਨ ਉਤੇ ਇਸਤਰੀ ਨੂੰ ਮਚਦੀ ਚਿਤਾ ਵਿਚ ਬੈਠ ਕੇ ਸਤੀ ਕਰਨਾ ਅਤੇ ਕੁੜੀਆਂ ਨੂੰ ਵੇਚਣਾ, ਛੋਟੀ ਉਮਰ ਵਿੱਚ ਵਿਆਹ ਦੇਣਾ ਜਾਂ ਜੰਮਦਿਆਂ ਮਾਰ ਦੇਣਾ ਆਦਿ ਘਿਣਾਉਣੀਆਂ ਸਮਾਜੀ ਕੁਰੀਤੀਆਂ ਵਿਚ ਫਸਾ ਦਿੱਤਾ ਸੀ। ਸਿੱਖ ਗੁਰੂਆਂ ਨੇ ਇਸਤਰੀ ਦੀ ਇਸ ਦਸ਼ਾ ਨੂੰ ਵੇਖ ਕੇ ਇਸਦੀ ਸਿਰਫ ਨਿੰਦਾ ਹੀ ਨਹੀਂ ਕੀਤੀ ਬਲਕਿ ਸਿੱਖ ਸਭਿਆਚਾਰ ਵਿਚ ਇਨ੍ਹਾਂ ਲਾਹਣਤਾਂ ਨੂੰ ਦੂਰ ਕਰਨ ਦੀ ਤਾਕੀਦ ਕੀਤੀ ਅਤੇ ਦੁਨੀਆਂ ਦੇ ਲੋਕਾਂ ਨੂੰ ਸਪੱਸ਼ਟ ਸ਼ਬਦਾਂ ਵਿਚ ਸਮਝਾਇਆ ਕਿ ਇਸਤਰੀ ਤੋਂ ਹੀ ਸਾਰੇ ਜਗਤ ਦਾ ਪਸਾਰ ਹੋਇਆ ਹੈ, ਇਸਤਰੀ ਕਾਰਨ ਹੀ ਸਾਡੇ ਦੁਨਿਆਵੀ ਸੰਬੰਧ ਅਤੇ ਰਿਸ਼ਤੇਦਾਰੀਆਂ ਬਣੀਆਂ ਹਨ, ਇਸਤਰੀ ਤੋਂ ਬਿਨਾਂ ਮਨੁੱਖ ਅਧੂਰਾ ਹੈ। ਇਸਤਰੀ ਮਰ ਜਾਣ ਤੇ ਮਰਦ ਦੂਜੀ ਇਸਤਰੀ ਦੀ ਭਾਲ ਕਰਦਾ ਹੈ, ਰਾਜੇ ਮਹਾਰਾਜੇ ਵੀ ਇਸਤਰੀ ਦੀ ਕੁੱਖ ਤੋਂ ਹੀ ਜਨਮ ਲੈਂਦੇ ਹਨ ਤਾਂ ਉਸਨੂੰ ਮਾੜੀ ਕਿਵੇਂ ਕਿਹਾ ਜਾ ਸਕਦਾ ਹੈ।

ਦਵਿੰਦਰ ਕੌਰ ਖੁਸ਼ ਧਾਲੀਵਾਲ
ਖੋਜਕਰਤਾ ਆਫਿਸਰ, ਧੂਰਕੋਟ (ਮੋਗਾ)
ਚੰਡੀਗੜ੍ਹ ਯੂਨੀਵਰਸਿਟੀ ,8847227740

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਸ਼ੋਸਣ ਉਪਰ ਅਧਾਰਿਕ ਸਮਾਜਿਕ ਵਿਵਸਥਾ ਨੂੰ ਪ੍ਰਵਾਨ ਨਹੀਂ ਕੀਤਾ। ਸਾਰੇ ਗੁਰੂ ਸਾਹਿਬਾਨ ਨੇ ਇਸਤਰੀ ਨੂੰ ਮਨੁੱਖੀ ਸਮਾਜ ਵਿਚ ਨੀਵੀਂ ਤੇ ਘਟੀਆ ਸਮਝੇ ਜਾਣ ਦੀ ਵਿਰੋਧਤਾ ਹੀ ਨਹੀਂ ਕੀਤੀ ਬਲਕਿ ਆਪਣੇ ਸਮੇਂ ਵਿਚ ਪ੍ਰਚਲਿਤ ਸਤੀ ਪ੍ਰਥਾ, ਪਰਦਾ ਪ੍ਰਥਾ, ਸੂਤਕ ਆਦਿ ਦੀ ਵੀ ਨਿੰਦਾ ਕੀਤੀ। ਜਿਸ ਬਾਰੇ ਇਤਿਹਾਸਕਾਰਾਂ ਤੇ ਸਿੱਖ ਵਿਦਵਾਨਾਂ ਨੇ ਬਹੁਤ ਕੁਝ ਲਿਖਿਆ ਹੈ ਅਤੇ ਗੁਰਬਾਣੀ ਵਿਚ ਵੀ ਇਸ ਦੇ ਦ੍ਰਿਸ਼ਟਾਂਤ ਹਨ। ਇਸ਼ ਪਹਿਲੂ ਨੂੰ ਉਜਾਗਰ ਕਰਨਾ ਚਾਹਾਂਗੀ ਕਿ ਭਾਰਤ ਵਿਚ ਸਿੱਖ ਗੁਰੂਆਂ ਦੀ ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦੀ ਮਰਦ ਅਤੇ ਇਸਤਰੀ ਦੀ ਬਰਾਬਰੀ ਦੀ ਕਲਪਨਾ ਇਨਕਲਾਬੀ ਸੀ। ਯੂਰਪ ਵਿਚ ਤਾਂ ਨਾਰੀਵਾਦੀ ਸੋਚ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਵਿਚ ਸ਼ੁਰੂ ਹੋਈ ਅਤੇ ਵੀਹਵੀਂ ਸਦੀ ਵਿਚ ਵਿਕਸਿਤ ਹੋਈ ਪਰ ਭਾਰਤ ਵਿਚ ਸਿੱਖ ਗੁਰੂਆਂ ਨੇ 15ਵੀਂ ਅਤੇ 16ਵੀਂ ਸਦੀ ਵਿਚ ਹੀ ਇਸਨੂੰ ਪ੍ਰਯੋਗੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸਤਰੀ ਅਤੇ ਮਰਦ ਵਿਚਲੇ ਵਿਤਕਰੇ ਨੂੰ ਦੂਰ ਕਰਨ ਲਈ ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਹੁਕਮ ਦਿੱਤਾ ਸੀ ਕਿ ਇਸਤਰੀਆਂ ਪਰਦਾ ਕਰਕੇ ਸੰਗਤ ਵਿਚ ਨਾ ਆਉਣ ਅਤੇ ਮਾਈਆਂ ਭਾਈਆਂ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਣ। ਗੁਰੂ ਅਰਜਨ ਦੇਵ ਜੀ ਨੇ ਪਰਿਵਾਰ ਵਿਚ ਇਸਤਰੀ ਦਾ ਦਰਜਾ ਬੜਾ ਸ੍ਰੇਸ਼ਟ ਦਰਸਾਇਆ ਹੈ। ਰਾਗੁ ਆਸਾ ਵਿੱਚ ਆਪਜੀ ਦੇ ਬਚਨ ਹਨ:

ਸਭ ਪਰਵਾਰੈ ਮਾਹਿ ਸਰੇਸ਼ਟ॥ ਮਤੀ ਦੇਵੀ ਦੇਵਰ ਜੇਸਟ॥ ਧੰਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ॥÷÷

ਧਾਰਮਿਕਸ ਪਰੰਪਰਾ ਵਿਚ ਇਸਤਰੀ ਨੂੰ ਉਚਾ ਚੁੱਕਣ ਲਈ ਗੁਰੂ ਸਾਹਿਬ ਨੇ ਕਿਹਾ ਕਿ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਨਾ ਤਾਂ ਸੰਸਾਰ ਤਿਆਗਣ ਦੀ ਲੋੜ ਹੈ ਅਤੇ ਨਾ ਹੀ ਗ੍ਰਹਿਸਤ ਧਰਮ ਤੋਂ ਦੂਰ ਭੱਜ ਕੇ ਇਸਤਰੀ ਦੀ ਨਿੰਦਾ ਕਰਨੀ ਚਾਹੀਦੀ ਹੈ। ਬਲਕਿ ਜਿਹੜੇ ਜੋਗੀ, ਤਪੀ, ਜਪੀ, ਸੰਨਿਆਸੀ ਇਸਤਰੀ ਦਾ ਵਿਰੋਧ ਕਰਕੇ ਸੰਸਾਰ ਤਿਆਗਦੇ ਹਨ ਉਨ੍ਹਾਂ ਨੂੰ ਇਸ ਗੱਲ ਉਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਉਹਨਾਂ ਦਾ ਜਨਮ ਵੀ ਇਸਤਰੀ ਤੋਂ ਹੀ ਹੋਇਆ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਔਰਤ ਪ੍ਰਤੀ ਫੈਲੀ ਨਫਰਤ ਤੇ ਨਿੰਦਿਆ ਨੂੰ ਦੁਤਕਾਰਿਆ ਅਤੇ ਸਿਰਫ ਸਿਧਾਂਤਕ ਰੂਪ ਵਿਚ ਹੀ ਨਹੀਂ ਬਲਕਿ ਵਿਵਹਾਰਿਕ ਰੂਪ ਵਿੱਚ ਵੀ ਇਸਤਰੀ ਨੂੰ ਨੀਵਾਂ ਜਾਂ ਦੁਜੈਲਾ ਦਰਜਾ ਨਹੀਂ ਦਿੱਤਾ। ਜੋ ਉਨ੍ਹਾਂ ਨੇ ਸਿਧਾਂਤਕ ਤੌਰ ਤੇ ਕਿਹਾ ਉਸਨੂੰ ਅਸਲੀ ਜਾਮਾ ਵੀ ਪਹਿਨਾਇਆ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਸਤਰੀਆਂ ਨੇ ਸਮਾਜ ਦੀ ਉਸਾਰੀ ਵਿਚ ਬਰਾਬਰੀ ਦਾ ਯੋਗਦਾਨ ਪਾਇਆ ਅਤੇ ਵੱਖ-ਵੱਖ role ਅਤੇ relationship ਵਿਚ ਇਕ ਆਦਰਸ਼ ਭੂਮਿਕਾ ਨਿਭਾਈ। ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ, ਮਾਈ ਭਾਗੋ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਰਾਣੀ ਸਾਹਿਬ ਕੌਰ ਅਤੇ ਅਨੇਕਾਂ ਸਿੱਖ ਔਰਤਾਂ ਸਿੱਖ ਕੌਮ ਲਈ ਅਥਾਹ ਪ੍ਰੇਰਨਾ ਦਾ ਸੋਮਾ ਹਨ। ਅੱਜ ਜਦੋਂ ਅਸੀਂ ਔਰਤਾਂ ਦੇ ਮੁੱਦੇ ਅਤੇ ਉਨ੍ਹਾਂ ਦੇ ਯੋਗਦਾਨ ਦੀ ਗੱਲ ਕਰਦੇ ਹਾਂ ਤਾਂ ਅਜਿਹੀਆਂ ਸਿੱਖ ਔਰਤਾਂ ਦੀ ਸੋਚ ਅਤੇ ਕੁਰਬਾਨੀ ਨੂੰ ਗੁਰੂ ਗ੍ਰੰਥ ਸਾਹਿਬ ਅਧਿਐਨ ਅਤੇ ਵੁਮੈਨ ਸਟੱਡੀਜ਼ ਵਿਚ ਉਜਾਗਰ ਕਰਨ ਦੀ ਅਹਿਮ ਲੋੜ ਹੈ।

ਗੁਰੂ ਸਾਹਿਬ ਨੇ ਔਰਤ ਨੂੰ ਨਾ ਕੇਵਲ ਮਰਦ ਦੇ ਨਾਲ ਹਰ ਪੱਖੋਂ ਬਰਾਬਰੀ ਦਾ ਦਰਜਾ ਦਿੱਤਾ ਬਲਕਿ ਦੋਵਾਂ ਨੂੰ ਜੀਵਆਤਮਾ ਕਹਿਕੇ ਪਰਮਾਰਥ ਦੇ ਰਸਤੇ ਤੇ ਚਲਣ ਲਈ ਪ੍ਰੇਰਿਆ। ਅਸਲ ਵਿਚ ਸਿੱਖ ਧਰਮ ਦੀ ਵਡਿਆਈ ਇਸ ਰਹੱਸ ਵਿਚ ਛੁਪੀ ਹੋਈ ਹੈ ਕਿ @ਮਨੁੱਖ@ ਸ਼ਬਦ ਨੂੰ ਪੁਰਖ ਤੇ ਇਸਤਰੀ ਦੋਹਾਂ ਦਾ ਲਖਾਇਕ ਦਰਸਾਇਆ ਗਿਆ ਹੈ। ਸਿੱਖ ਗੁਰੂਆਂ ਨੇ ਮਰਦ ਅਤੇ ਇਸਤਰੀ ਵਿਚ ਕੋਈ ਭੇਦ ਭਾਵ ਨਹੀਂ ਵੇਖਿਆ। ਉਨ੍ਹਾਂ ਦੱਸਿਆ ਹੈ ਕਿ ਇਹ ਦੋ ਨਹੀਂ ਅਸਲ ਵਿਚ ਇਕ ਹਨ। ਮਨੁੱਖ ਦੀ ਅਦਭੁਤ ਰਚਨਾ ਦੇ ਦੋ ਰੁੱਖ ਹਨ। ÷ਨਾਰੀ ਪੁਰਖ ਪੁਰਖ ਸਭ ਨਾਰੀ ਸਭੁ ਏਕੋ ਪੁਰਖ ਮੁਰਾ ਹੈ ਆਖ ਕੇ ਗੁਰੂ ਰਾਮਦਾਸ ਜੀ ਨੇ ਨਾਰੀ ਪੁਰਖ ਦਾ ਅੰਤਰ ਹੀ ਮਿਟਾ ਦਿੱਤਾ। ਗੁਰਬਾਣੀ ਵਿਚ ਪ੍ਰਭੂ ਨੂੰ @ਕੰਤ@ @ਪਿਰ@ ਆਦਿ ਦੇ ਰੂਪ ਵਿਚ ਅਤੇ ਮਨੁੱਖੀ (ਪੁਰਸ਼ ਅਤੇ ਔਰਤ) ਜੀਵ ਨੂੰ ਇਸਤਰੀ ਦੇ ਰੂਪ ਵਿਚ ਦਰਸਾਇਆ ਗਿਆ ਹੈ ਜਿਸਦਾ ਮਕਸਦ ਹੈ ਚੰਗੇ ਗੁਣਾਂ ਵਾਲੀ ਹੋ ਕੇ ਨਾਮ ਸਿਮਰਨ ਰਾਹੀਂ ਕੰਤ ਨੂੰ ਪਾਉਣਾ: ਨਾ ਮੈਂ ਕੁਲ ਨਾ ਸੋਭਾਵੰਤ॥ ਕਿਆ ਜਾਨਾ ਕਿਉ ਭਾਨੀ ਕੰਤ॥ ਮੋਹਿ ਅਨਾਥ ਗਰੀਬ ਨਿਮਾਨੀ॥ ਕੰਤ ਪਕਰਿ ਹਮ ਕੀਨੀ ਰਾਨੀ॥ ਇਹ ਸਚ ਹੈ ਕਿ ਜਿਸ ਭਾਸ਼ਾ ਵਿਚ ਗੁਰਬਾਣੀ ਦੀ ਰਚਨਾ ਕੀਤੀ ਗਈ ਉਹ ਮਰਦ ਪ੍ਰਧਾਨ ਸਮਾਜ ਦੀ ਭਾਸ਼ਾ ਸੀ। ਇਸ ਲਈ ਬਾਣੀ ਵਿਚ ਬ੍ਰਹਮ ਨੂੰ ਮਰਦ ਅਤੇ ਜੀਵ ਆਤਮਾ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਅਤੇ ਮਰਦ ਅਤੇ ਔਰਤ ਦੇ ਰਿਸ਼ਤੇ ਨੂੰ ਮਾਲਕ ਅਤੇ ਦਾਸ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਮਰਦ ਜਾਂ ਪਤੀ ਤਾਂ ਆਜ਼ਾਦ ਹੈ ਪਰੰਤੂ ਔਰਤ ਦੀ ਸਥਿਤੀ ਗੁਲਾਮ ਨਾਲੋਂ ਵੀ ਭੈੜੀ ਹੈ। ਔਰਤ, ਪਤਨੀ ਜਾਂ ਮੌਤ ਦੀ ਮਨੋਕਾਮਨਾ ਦਾ ਪੂਰਾ ਹੋਣਾ ਪੂਰੀ ਤਰ੍ਹਾਂ ਨਾਲ ਮਾਲਕ ਦੀ ਇੱਛਾ ਉਪਰ ਹੀ ਸਰਦਾ ਹੈ। ਚਾਹੇ ਇਸ ਤਰ੍ਹਾਂ ਦੀ ਪੇਸ਼ਕਾਰੀ ਗੁਰੂ ਕਾਲ ਵੇਲੇ ਦੀ ਔਰਤ ਦੀ ਗੁਲਾਮੀ ਵਾਲੀ ਸਥਿਤੀ ਨੂੰ ਪੂਰੀ ਤਰ੍ਹਾਂ ਚਿਤਰਿਤ ਕਰਦੀ ਹੈ।ਪਰ ਸਾਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਨੇ ਇੱਥੇ ਮਰਦ ਅਤੇ ਔਰਤ ਚਿੰਨ੍ਹ ਵਜੋਂ ਵਰਤੇ ਹਨ। ਸਾਰੀਆਂ ਜੀਵ ਆਤਮਾਵਾਂ ਇਸਤਰੀਆਂ ਹਨ 'ਏਕਾ ਪੁਰਖ ਸਬਾਈ ਨਾਰ' ਜਿਨ੍ਹਾਂ ਨੇ ਆਪਣੇ ਪਤੀ ਪਾਰ ਬ੍ਰਹਮ ਨੂੰ ਪ੍ਰੇਮ ਨਾਲ ਰਿਝਾਣਾ ਹੈ। ÷÷÷ ਸਭੈ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥ ਗਣਤ ਗਣਾਵਣਿ ਆਈਆ ਸੂਹਾ ਵੇਸ ਵਿਕਾਰੁ॥ ਪਾਖੰਡ ਪ੍ਰੇਮ ਨ ਪਾਈਐ, ਖੋਟਾ ਪਾਜੁ ਖੁਆਰ॥ ਗੁਰੂ ਸਾਹਿਬ ਨੇ ਸੁਹਾਗਣ, ਸੁਲੱਖਣੀ, ਸੁਚੱਜੀ, ਸਚਿਆਰ ਬਣਨ ਦੇ ਰਾਹ ਸੁਝਾਏ ਹਨ ਉਹ ਸਿਰਫ ਇਸਤਰੀਆਂ ਲਈ ਹੀ ਨਹੀਂ ਬਲਕਿ ਸਮੂਹ ਮਨੁੱਖਾਂ ਲਈ ਹਨ ਬਿਨਾਂ ਕਿਸੇ ਨਸਲ, ਰੰਗ ਜਾਤ ਤੇ ਭੇਦਭਾਵ ਦੇ। ਦੁਨਿਆਵੀ ਪਤੀ ਪਤਨੀ ਦਾ ਆਪਸੀ ਸੰਬੰਧ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਇਸ ਬਾਰੇ ਵੀ ਗੁਰੂ ਸਾਹਿਬਾਨ ਸਮਾਨਤਾ ਅਤੇ ਇਕਸਰਤਾ ਤੇ ਜ਼ੋਰ ਦਿੰਦੇ ਹਨ। ਪਤੀ ਪਤਨੀ ਦੇ ਰਿਸ਼ਤੇ ਨੂੰ ਜੋੜਨ ਵਾਲੀ ਵਿਆਹ ਦੀ ਰਸਮ ਸਿੱਖ ਸੰਸਕਾਰ ਵਿਚ ਕੰਨਿਆਦਾਨ ਨਹੀਂ ਹੈ ਜਿਸਨੂੰ ਦਾਨ ਵਿਚ ਦਿੱਤਾ ਜਾਣਾ ਚਾਹੀਦਾ ਹੈ ਬਲਕਿ ਇਸਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ। ਇਕ ਰਸਮ ਜੋ ਅਨੰਦ ਖੇੜਾ ਪ੍ਰਦਾਨ ਕਰਦੀ ਹੈ ਕਿਉਂਕਿ ਇਹ ਦੋ ਆਤਮਾਵਾਂ ਦਾ ਮਿਲਣ ਹੈ ਜਿਨ੍ਹਾਂ ਨੇ ਇਕ ਗੁਰ ਜੋਤ ਦੋ ਮੂਰਤੀ ਹੋ ਕੇ ਰਹਿਣਾ ਹੈ ਤਾਂ ਜੋ ਇਕ ਅਸਲੀ ਪਿਆਰ ਵਾਲਾ ਸੰਬੰਧ ਕਾਇਮ ਹੋ ਸਕੇ ਜਿਥੇ ਦੋਵੇਂ ਇਕ ਦੂਜੇ ਦੇ ਵਿਕਾਸ ਵਿਚ ਬਰਾਬਰ ਦੇ ਸਹਾਈ ਹੋਣ। ਸਿਰਫ ਨਾਰੀ ਦੇ ਸੁਚੇਤ ਹੋਣ ਨਾਲ ਸਾਡੀ ਸੋਚ ਵਿਚ ਪਰਿਵਰਤਨ ਨਹੀਂ ਹੈ। ਸਕਦਾ। ਇਹ ਪਰਿਵਰਤਨ ਤਾਂ ਹੀ ਸੰਭਵ ਹੈ ਜੇ ਮਰਦ ਅਤੇ ਇਸਤਰੀ ਦੋਵੇਂ ਹਰ ਭੂਮਿਕਾ, ਰਿਸ਼ਤੇ ਅਤੇ ਖੇਤਰ ਵਿਚ ਇਕ ਦੂਸਰੇ ਨੂੰ ਬਰਾਬਰੀ ਦਾ ਦਰਜਾ ਦੇਣ ਇਕ ਦੂਸਰੇ ਦਾ ਸਤਿਕਾਰ ਕਰਨ ਅਤੇ ਇਕ ਦੂਸਰੇ ਦੇ ਬਹੁਪੱਖੀ ਵਿਕਾਸ ਵਿਚ ਮਦਦ ਕਰਨ ਸਹਿਯੋਗ ਕੁਰਬਾਨੀ ਅਤੇ ਸਹਿ ਹੋਂਦ ਦੀ ਸਿੱਖਿਆ ਸਿਰਫ ਬੇਟੀਆਂ ਨੂੰ ਹੀ ਨਹੀਂ ਬਲਕ ਬੇਟਿਆਂ ਨੂੰ ਵੀ ਦੇਈਏ। ਉਨ੍ਹਾਂ ਨੂੰ ਚੰਗੇ ਸੰਸਕਾਰ ਦੇਈਏ, ਸਕਾਰਾਤਮਕ ਅਤੇ ਬੁਧੀਸੰਗਤ ਸੋਚ ਦੇਈਏ। ਉਨ੍ਹਾਂ ਨੂੰ ਬਾਣੀ ਨਾਲ ਜੋੜੀਏ, ਇਸਦੀ true spirit ਨਾਲ ਜਾਣੂ ਕਰਵਾਈਏ ਤਾਂ ਜੋ ਉਹ ਇਸ ਤੋਂ ਸੇਧ ਲੈ ਕੇ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਅਮਲੀ ਰੂਪ ਦੇਣ ਅਤੇ ਪਰਿਵਾਰ ਅਤੇ ਸਮਾਜ ਨੂੰ ਖੁਸ਼ਹਾਲ ਬਣਾ ਸਕਣ, ਇਕ ਆਦਰਣ ਮਾਨਵ ਦੀ ਤਰ੍ਹਾਂ ਜੀਵਨ ਜੀਅ ਸਕਣ।

# ਅਸੀਂ ਬਾਬੇ ਨਾਨਕ ਨੂੰ ਮੰਨਦੇ ਹਾਂ ਪਰ ਬਾਬੇ ਨਾਨਕ ਦੀ ਨਹੀਂ ਮੰਨਦੇ

554 ਵਰ੍ਹੇ ਪਹਿਲਾਂ ਅਵਤਾਰ ਧਾਰ ਕੇ ਗੁਰੂ ਨਾਨਕ ਸਾਹਿਬ ਨੇ ਭਟਕਦੇ ਮਨੁੱਖ ਨੂੰ ਸਿੱਧੇ ਰਸਤੇ ਪਾਉਣ ਲਈ ਅਤੇ ਮਨੁੱਖ ਦਾ ਮਾਰਗ ਦਰਸ਼ਨ ਕਰਨ ਲਈ ਬਹੁਤ ਸਾਰੀਆਂ ਸਿੱਖਿਆਵਾਂ ਦਿੱਤੀਆਂ ਸਨ ਪਰ ਅੱਜ ਦੇ ਰੋਸ਼ਨ ਦਿਮਾਗ ਮਨੁੱਖ ਨੇ ਉਨ੍ਹਾਂ ਸਿੱਖਿਆਵਾਂ ਨੂੰ ਵੀ ਆਪਣੇ ਅਨੁਸਾਰ ਕਰ ਲਿਆ ਹੈ। ਬਾਬੇ ਨਾਨਕ ਨੇ ਕਿਹਾ ਹੈ @ਕਿਰਤ ਕਰੋ।@ ਗੁਰੂ ਜੀ ਨੇ ਆਪ ਕਿਰਤ ਕੀਤੀ, ਮਿਹਨਤ ਕੀਤੀ, ਦਸਾਂ-ਨਹੁੰਆਂ ਦੀ ਕਮਾਈ ਕੀਤੀ, ਘਰ ਦਾ ਸਾਰਾ ਕੰਮ ਕੀਤਾ, ਡੰਗਰ ਚਾਰੇ, ਮੋਦੀਖਾਨੇ @ਚ ਨੌਕਰੀ ਕੀਤੀ, ਕਰਤਾਰਪੁਰ ਵਿਖੇ ਖੇਤੀਬਾੜੀ ਦਾ ਕੰਮ ਕੀਤਾ, ਸਾਰੀਆਂ ਦਿਸ਼ਾਵਾਂ @ਚ ਯਾਤਰਾਵਾਂ ਕੀਤੀਆਂ, ਪੈਦਲ ਤੁਰੇ, ਭੁੱਲੇ-ਭਟਕੇ ਹੋਏ ਲੋਕਾਂ ਨੂੰ ਸਿੱਧੇ ਰਸਤੇ ਪਾਇਆ ਪਰ ਅੱਜ ਅਸੀਂ ਹੱਥੀਂ ਕੰਮ ਕਰਨ ਤੋਂ ਡਰਦੇ ਹਾਂ, ਮਿਹਨਤ ਤੋਂ ਕੰਨੀਂ ਕਤਰਾਉਂਦੇ ਹਾਂ, ਪੈਦਲ ਤੁਰਨ ਦੀ ਥਾਂ ਵੱਡੀਆਂ-ਵੱਡੀਆਂ ਗੱਡੀਆਂ ਭਾਲਦੇ ਹਾਂ, ਫੋਕੀ ਚੌਧਰ ਤੇ ਝੂਠੀ ਸ਼ਾਨ ਦੇ ਪਿੱਛੇ ਭੱਜਦੇ ਹਾਂ, ਗੁਰੂ ਸਾਹਿਬ ਦੇ ਅਸਲ ਸਿਧਾਂਤ ਨੂੰ ਭੁੱਲ ਗਏ ਹਾਂ। ਗੁਰੂ ਜੀ ਨੇ ਕਿਹਾ ਹੈ @ਨਾਮ ਜਪੋ।@ ਨਾਮ ਜਪਣ ਲਈ ਗ੍ਰਹਿਸਥੀ ਜੀਵਨ ਦੀਆਂ ਜਿੰਮੇਵਾਰੀਆਂ ਨੂੰ ਛੱਡ ਕੇ ਜੰਗਲਾਂ ਵਿੱਚ ਜਾ ਕੇ ਤਪ ਕਰਨ ਦੀ ਲੋੜ ਨਹੀਂ, ਰੱਬ ਤਾਂ ਬੰਦੇ ਦੇ ਅੰਦਰ ਵੱਸਦਾ ਹੈ ਪਰ ਸਾਡਾ ਧਿਆਨ ਤਾਂ ਹਮੇਸ਼ਾਂ ਬਾਹਰ ਦੇਖਣ ਵੱਲ ਰਹਿੰਦਾ ਹੈ, ਅਸੀਂ ਕਦੇ ਵੀ ਆਪਣੇ ਆਪ ਨੂੰ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ। ਸੰਸਾਰਿਕ ਕੰਮ-ਧੰਦਿਆਂ ਲਈ ਮਨੁੱਖ ਕੋਲ ਸਮਾਂ ਹੈ, ਐਸ਼ੋ-ਅਰਾਮ ਲਈ ਸਮਾਂ ਹੈ ਪਰ ਰੱਬ ਦਾ ਨਾਮ ਜੱਪਣ ਲਈ ਨਹੀਂ। ਵਿਆਹ-ਸ਼ਾਦੀਆਂ @ਤੇ ਭੜਕਾਊ ਅਤੇ ਅਸ਼ਲੀਲ ਗਾਣੇ ਬੋਲਣ ਵਾਲੇ ਗਾਇਕਾਂ ਲਈ ਸਾਡੇ ਕੋਲ ਪੈਸੇ ਹਨ ਪਰ ਗੁਰੂ ਘਰ ਦੇ ਕੀਰਤਨੀਆਂ ਲਈ ਨਹੀਂ ਹਨ। ਅਸੀਂ ਤਾਂ ਰੱਬ ਨਾਲ ਸੌਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਅਖੰਡ-ਪਾਠ ਦੀ ਸੁੱਖਣਾ ਤਾਂ ਪੂਰੀ ਕਰਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਪਾਠ ਸ੍ਰਵਣ ਕਰਨਾ ਸਾਡੇ ਕਰਮਾਂ ਵਿੱਚ ਨਹੀਂ ਹੈ। ਗੁਰੂ ਜੀ ਨੇ ਕਿਹਾ ਹੈ @ਵੰਡ ਛਕੋ।@ ਅੱਜ ਦੇ ਇਨਸਾਨ ਨੂੰ ਜੋ ਮਿਲਦਾ ਹੈ, ਉਸਨੂੰ ਇਕੱਲਾ ਹੀ ਡਕਾਰ ਜਾਂਦਾ ਹੈ, ਭਿਣਕ ਵੀ ਨਹੀਂ ਕੱਢਦਾ, ਵੰਡ ਕੇ ਛੱਕਣਾ ਤਾਂ ਬੜੀ ਦੂਰ ਦੀ ਗੱਲ ਹੈ। ਸਾਡੇ ਨਾਲੋਂ ਤਾਂ ਕੀੜੀ ਚੰਗੀ ਹੈ ਜੋ ਵੰਡ ਕੇ ਖਾਂਦੀ ਹੈ। ਗੁਰੂ ਜੀ ਨੇ ਕਿਹਾ ਹੈ, @ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥@ ਜ਼ਰਾ ਸੋਚੀਏ, ਕੀ ਅਸੀਂ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਮਾਂ ਨੂੰ ਹਰਾ-ਭਰਾ ਰਹਿਣ ਦਿੱਤਾ ਹੈ ? ਸ਼ਾਇਦ ਨਹੀਂ। ਕਿੰਨਾ ਸਰਕਾਰ ਕਹਿੰਦੀ ਹੈ ਕਿ ਪਰਾਲੀ ਨੂੰ ਅੱਗ ਨਹੀਂ ਲਾਉਣੀ ਪਰ ਆਪਾਂ ਹੱਟਦੇ ਆਂ, ਕਦੇ ਵੀ ਨਹੀਂ। ਪਰਾਲੀ ਸਾੜਨ ਦੇ ਨਾਲ-ਨਾਲ ਹਰੇ-ਭਰੇ ਰੁੱਖ ਭਾਵੇਂ ਸੜ ਜਾਣ, ਰੁੱਖਾਂ ਤੇ ਪਾਏ ਪੰਛੀਆਂ ਦੇ ਆਲ੍ਹਣੇ @ਚ ਨੰਨ੍ਹੇ-ਮੁੰਨੇ ਬੋਟ ਭਾਵੇਂ ਸੜ ਜਾਣ, ਜਿਉਂਦੇ ਬੰਦੇ ਭਾਵੇਂ ਸੜ ਜਾਣ ਪਰ ਸਾਨੂੰ ਕੋਈ ਪਰਵਾਹ ਨਹੀਂ। ਸਾਡਾ ਆਲਾ-ਦੁਆਲਾ ਗੰਦਾ ਹੋ ਗਿਆ ਹੈ, ਕੂੜੇ-ਕਰਕਟ ਤੇ ਗੰਦਗੀ ਦੇ ਢੇਰ ਲੱਗੇ ਹੋਏ ਹਨ, ਹਵਾ ਪ੍ਰਦੂਸ਼ਿਤ ਹੋ ਰਹੀ ਹੈ, ਪਾਣੀ ਖਤਮ ਹੁੰਦਾ ਜਾ ਰਿਹਾ ਹੈ, ਨਵੀਆਂ ਤੋਂ ਨਵੀਆਂ ਬੀਮਾਰੀਆਂ ਦਾ ਜਨਮ ਹੋ ਰਿਹਾ ਹੈ, ਨੌਜਵਾਨ ਪੀੜ੍ਹੀ ਬਾਹਰਲੇ ਮੁਲਕਾਂ ਨੂੰ ਭੱਜੀ ਜਾ ਰਹੀ ਹੈ, ਨਸ਼ਿਆਂ ਵਿੱਚ ਗਲਤਾਨ ਹੁੰਦੀ ਜਾ ਰਹੀ ਹੈ, ਬਜ਼ੁਰਗਾਂ ਅਤੇ ਔਰਤਾਂ ਦਾ ਸਤਿਕਾਰ ਘੱਟ ਰਿਹਾ ਹੈ, ਨੈਤਿਕ ਕਦਰਾਂ-ਕੀਮਤਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ, ਤਗੜਿਆਂ ਦਾ ਜ਼ਮਾਨਾ ਹੈ, ਮਾੜੇ ਬੰਦੇ ਦੀ ਕੋਈ ਸਾਰ ਨਹੀਂ ਲੈਂਦਾ। ਇਸ ਸਭ ਦਾ ਜ਼ਿੰਮੇਵਾਰ ਸਿਰਫ਼ ਮਨੁੱਖ ਹੈ ਪਰ ਆਪਾਂ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਗੁਰੂ ਜੀ ਨੇ ਕਿਹਾ ਹੈ, @ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥@ ਕੁਦਰਤ @ਚ ਕਾਦਰ ਨੂੰ ਦੇਖਿਆ ਸੀ ਪਰ ਅਸੀਂ ਆਪਣੇ ਗਗਨ ਨੂੰ, ਆਪਣੇ ਚੌਗਿਰਦੇ ਨੂੰ ਕਿਵੇਂ ਦਾ ਬਣਾ ਲਿਆ ਹੈ ਕਿ ਜਿਸ ਵਿੱਚ ਸਾਡਾ ਸਾਹ ਲੈਣਾ ਵੀ ਔਖਾ ਹੋਇਆ ਪਿਆ ਹੈ ? ਗੁਰੂ ਜੀ ਨੇ ਕਿਹਾ ਹੈ,@ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥@ ਫਿਰ ਭਰੂਣ ਹੱਤਿਆ ਕਿਉਂ ਹੁੰਦੀ ਹੈ ? ਆਏ ਦਿਨ ਧੀਆਂ ਦਾਜ ਦੀ ਬਲੀ ਕਿਉਂ ਚੜ੍ਹਦੀਆਂ ਹਨ ? ਔਰਤ ਨੂੰ ਇੱਕ ਖਿਡੌਣਾ ਸਮਝ ਕੇ ਉਸਦੀਆਂ ਭਾਵਨਾਵਾਂ ਨਾਲ ਕਿਉਂ ਖੇਡਿਆਂ ਜਾਂਦਾ ਹੈ ? ਜ਼ਰਾ ਸੋਚੀਏ ਕਿ ਬਾਬੇ ਨਾਨਕ ਨੇ ਸਾਨੂੰ ਕੀ ਕਿਹਾ ਹੈ ਅਤੇ ਅਸੀਂ ਕੀ ਕਰ ਰਹੇ ਹਾਂ ? ਬਾਬੇ ਨਾਨਕ ਦੇ ਘਰ ਦਾ ਲੰਗਰ ਤਾਂ ਦਾਲ-ਰੋਟੀ ਸੀ ਜੋ ਜਾਤ-ਪਾਤ ਤੋਂ ਰਹਿਤ ਸਮਾਨਤਾ ਦਾ ਪ੍ਰਤੀਕ ਸੀ ਪਰ ਅੱਜ ਤਾਂ ਲੰਗਰਾਂ ਤੇ ਕੀਤੇ ਜਾ ਰਹੇ ਖ਼ਰਚੇ ਦਾ ਹੀ ਕੋਈ ਹਿਸਾਬ ਨਹੀਂ। ਗੁਰਦੁਆਰਿਆਂ ਦੀਆਂ ਇਮਾਰਤਾਂ ਅਤੇ ਮਹਿੰਗੇ ਲੰਗਰਾਂ ਤੇ ਖਰਚਿਆਂ ਜਾਣ ਵਾਲਾ ਪੈਸਾ ਜੇਕਰ ਉਸ ਗਰੀਬ ਨੂੰ ਦਿੱਤਾ ਜਾਵੇ, ਜਿਸ ਕੋਲ ਰਹਿਣ ਲਈ ਛੱਤ, ਢਿੱਡ ਭਰਨ ਲਈ ਰੋਟੀ ਅਤੇ ਤਨ ਢੱਕਣ ਲਈ ਕੱਪੜਾ ਨਹੀਂ ਹੈ, ਤਾਂ ਇਹ ਬਾਬੇ ਨਾਨਕ ਵਾਲਾ ਸੱਚਾ ਸੌਦਾ ਹੋਵੇਗਾ। ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦਾ ਮੂਲ ਸਿਧਾਂਤ ਮਨੁੱਖ ਦੇ ਮੂਲ ਅਧਿਕਾਰਾਂ ਦੀ ਰੱਖਿਆ ਕਰਨਾ ਹੈ,ਮਨੁੱਖਤਾ ਦੀ ਕਦਰ ਕਰਨਾ ਹੈ ਪਰ ਅਜੋਕੇ ਦੌਰ ਵਿੱਚ ਬੰਦੇ ਦੀ ਕੋਈ ਕੀਮਤ ਨਹੀਂ ਹੈ। ਸੁਣਿਆ ਸੀ ਬੰਦਾ ਕਦੇ ਹੁੰਦਾ ਸੀ ਬੰਦੇ ਦਾ ਦਾਰੂ ਪਰ ਅੱਜ-ਕੱਲ੍ਹ ਤਾਂ ਬੰਦੇ ਚੋ ਬੰਦਾ ਹੀ ਮਰ ਗਿਆ। ਅਜੋਕੀ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਗਲਤਾਨ ਹੁੰਦੀ ਜਾ ਰਹੀ ਹੈ, ਆਪਣੇ ਵਿਰਸੇ ਅਤੇ ਸਭਿਆਚਾਰ ਨੂੰ ਵਿਸਾਰਦੀ ਜਾ ਰਹੀ ਹੈ, ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਬਜ਼ੁਰਗਾਂ ਦਾ ਤ੍ਰਿਸਕਾਰ ਕੀਤਾ ਜਾ ਰਿਹਾ ਹੈ। ਅੱਜ ਸਾਡੇ ਕੋਲ ਸਭ ਕੁਝ ਹੈ ਪਰ ਸਬਰ ਨਹੀਂ, ਸੰਤੋਖ ਨਹੀਂ, ਰੱਜ ਨਹੀਂ, ਤ੍ਰਿਪਤੀ ਨਹੀਂ, ਸੰਤੁਸ਼ਟੀ ਨਹੀਂ। ਮੁੜ ਆਈਏ ਵਾਪਸ, ਜਿੱਥੇ ਵੀ ਹਾਂ,ਆਪਣੇ ਫਰਜਾਂ ਦੀ ਪਹਿਚਾਣ ਕਰੀਏ। ਆਪਣੀ ਡਿਊਟੀ ਤਨਦੇਹੀ ਨਾਲ ਕਰੀਏ। ਫੋਕੀ ਸ਼ਾਨੋ-ਸ਼ੌਕਤ ਅਤੇ ਫ਼ਜ਼ੂਲ-ਖ਼ਰਚੀ ਤੋਂ ਬਚੀਏ। ਨਿਮਰਤਾ, ਨਿਰਮਾਣਤਾ ਅਤੇ ਗਰੀਬੀ ਵਰਗੇ ਗੁਣਾਂ ਨੂੰ ਧਾਰਨ ਕਰੀਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨਾਲ ਜੁੜੀਏ। ਦੇਹਧਾਰੀ ਗੁਰੂਆਂ ਤੋਂ ਬਚੀਏ। ਆਪਣੇ ਆਚਰਣ ਨੂੰ ਉੱਚਾ ਰਖੀਏ। ਹੱਥੀਂ ਕੰਮ ਕਰਨ ਦੀ ਆਦਤ ਪਾਈਏ। ਆਪਣੇ ਆਲੇ-ਦੁਆਲੇ ਨੂੰ ਸਾਫ਼ ਸੁਥਰਾ ਰੱਖਣ ਲਈ ਸਾਰਥਕ ਉਪਰਾਲੇ ਕਰੀਏ। ਆਲੇ ਦੁਆਲੇ ਦੀ ਸਫ਼ਾਈ ਦੇ ਨਾਲ ਨਾਲ ਆਪਣੇ ਹਿਰਦਿਆਂ ਨੂੰ ਵੀ ਸ਼ੁੱਧ ਕਰੀਏ। ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ, ਸੰਦੇਸ਼ ਅਤੇ ਸਿੱਖਿਆਵਾਂ ਨੂੰ ਲੋਕਾਂ ਦੇ ਹਿਰਦਿਆਂ ਤੱਕ ਪਹੁੰਚਾਉਣ ਦਾ ਯਤਨ ਕਰੀਏ। ਇਹੀ ਸਾਡੀ ਸਭ ਦੀ ਬਾਬੇ ਨਾਨਕ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਰਾਜਬੀਰ ਕੌਰ, ਪੰਜਾਬੀ ਅਧਿਆਪਕਾ,
ਘੁਮਾਣ (ਗੁਰਦਾਸਪੁਰ) 8427008046



## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਪ੍ਰੀਤਨਾਮਾ ਖਰਾ ਸੱਚ

# ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਭਾਈ ਗੁਰਦਾਸ ਜੀ ਸਿੱਖ ਧਰਮ ਵਿੱਚ ਸਿੱਖ ਗੁਰੂਆਂ ਤੋਂ ਬਾਅਦ ਇੱਕ ਸਨਮਾਨਯੋਗ ਹਸਤੀ ਹੋ ਗੁਜ਼ਰੇ ਹਨ। ਜਿਨ੍ਹਾਂ ਕਵੀਆਂ ਦੇ ਕਲਾਮ ਨੂੰ ਗੁਰਦੁਆਰਿਆਂ ਵਿੱਚ ਗਾਏ ਜਾਣ ਦੀ ਪ੍ਰਵਾਨਗੀ ਪ੍ਰਾਪਤ ਹੈ, ਉਨ੍ਹਾਂ ਵਿੱਚ ਗੁਰਬਾਣੀ ਅਤੇ ਭਾਈ ਨੰਦ ਲਾਲ ਗੋਯਾ ਤੋਂ ਇਲਾਵਾ ਭਾਈ ਗੁਰਦਾਸ ਜੀ ਦਾ ਨਾਂ ਵੀ ਸ਼ਾਮਿਲ ਹੈ। ਉਂਜ ਵੀ ਭਾਈ ਗੁਰਦਾਸ ਜੀ ਗੁਰੂ ਘਰ ਦੇ ਨਿਕਟਵਰਤੀ ਸਨ।

ਸਿੱਖ ਪੰਥ ਦੇ ਸਭ ਤੋਂ ਪਹਿਲੇ ਮਹਾਨ ਵਿਦਵਾਨ ਤੇ ਗੁਰਮਤਿ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਜਨਮ ਬਾਰੇ ਕੋਈ ਠੋਸ ਤੇ ਪੱਕਾ ਹਵਾਲਾ ਨਹੀਂ ਮਿਲਦਾ। ਉਨ੍ਹਾਂ ਦੇ ਜੀਵਨ ਬਾਰੇ ਸਿਰਫ ਅੰਦਾਜ਼ੇ ਹੀ ਲਗਾਏ ਗਏ ਹਨ, ਸਹੀ ਜਾਣਕਾਰੀ ਕਿਤੋਂ ਵੀ ਨਹੀਂ ਮਿਲਦੀ। ਗਿਆਨੀ ਨਰੈਣ ਸਿੰਘ ਨੇ ਉਨ੍ਹਾਂ ਦਾ ਜਨਮ 2 ਕਤਕ ਸੰਮਤ 1612 ਲਿਖਿਆ ਹੈ, ਜਦ ਕਿ ਡਾ. ਸੁਖਦਿਆਲ ਸਿੰਘ ਉਨ੍ਹਾਂ ਦਾ ਜਨਮ 1553 ਈ. ਮੰਨਦੇ ਹਨ। ਆਪ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਪਿੰਡ ਬਾਸਰਕੇ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਈਸ਼ਰ ਦਾਸ ਸੀ, ਜੋ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਆਪ ਦੀ ਉਮਰ ਕਰੀਬ ਤਿੰਨ ਸਾਲ ਦੀ ਹੀ ਸੀ ਕਿ ਪਿਤਾ ਦਾ ਦੇਹਾਂਤ ਹੋ ਗਿਆ। ਆਪ ਦੇ ਮਾਤਾ ਜੀ ਆਪ ਨੂੰ ਗੁਰੂ ਅਮਰਦਾਸ ਜੀ ਦੀ ਛਤਰ- ਛਾਇਆ ਵਿੱਚ ਗੋਇੰਦਵਾਲ ਸਾਹਿਬ ਲੈ ਆਏ। ਆਪ ਰਿਸ਼ਤੇ ਵਜੋਂ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।

ਭਾਈ ਗੁਰਦਾਸ ਜੀ ਨੂੰ ਚਾਰ ਗੁਰੂ ਸਾਹਿਬਾਨ ਦੀ ਹਜ਼ੂਰੀ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ (ਗਿ.ਨਰੈਣ ਸਿੰਘ ਮੁਤਾਬਕ) ਅੰਦਾਜ਼ਨ 1686 ਸੰਮਤ ਵਿੱਚ ਆਪ ਚਲਾਣਾ ਕਰ ਗਏ। ਡਾ. ਸੁਖਦਿਆਲ ਸਿੰਘ ਉਨ੍ਹਾਂ ਦੇ ਅਕਾਲ ਚਲਾਣੇ ਦੀ ਮਿਤੀ 1629 ਈ.ਮੰਨਦੇ ਹਨ। ਆਪ ਦੀ ਰਚਨਾ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ ਹੈ, ਪਰ ਇਸ ਰਚਨਾ ਨੂੰ @ਗੁਰਬਾਣੀ ਦੀ ਕੁੰਜੀ@ ਹੋਣ ਦਾ ਮਾਣ ਪ੍ਰਾਪਤ ਹੈ:

ਗੁਰਬਾਣੀ ਦੀ ਕੁੰਜੀ ਬਾਣੀ ਜੋ ਭਾਈ ਗੁਰਦਾਸ ਵਖਾਣੀ।

ਆਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤੀ ਸੀ। ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਹੋਣ ਦਾ ਸੁਭਾਗ ਵੀ ਆਪ ਨੂੰ ਮਿਲਿਆ। ਆਪ ਦੀ ਪੰਜਾਬੀ ਰਚਨਾ ਵਾਰਾਂ ਦੇ ਰੂਪ ਵਿੱਚ ਮਿਲਦੀ ਹੈ, ਜਿਨ੍ਹਾਂ ਦੀ ਗਿਣਤੀ 40 ਮੰਨੀ ਗਈ ਹੈ। ਇਸ ਤੋਂ ਬਿਨਾਂ ਆਪ ਨੇ ਕੁਝ ਕਬਿੱਤ ਅਤੇ ਸਵੱਈਆਂ ਦੀ ਰਚਨਾ ਵੀ ਕੀਤੀ, ਜੋ ਬ੍ਰਜ ਭਾਸ਼ਾ ਵਿੱਚ ਹਨ।

ਆਪ ਦੀਆਂ ਵਾਰਾਂ ਵਿੱਚ ਗੁਰਬਾਣੀ ਦੇ ਗੁੱਝੇ ਭਾਵਾਂ, ਰਹੱਸਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ ਦੇ ਪ੍ਰਚਾਰਕ ਵਜੋਂ ਆਪ ਨੇ ਲਾਹੌਰ, ਆਗਰਾ, ਕਾਂਸ਼ੀ ਆਦਿ ਅਸਥਾਨਾਂ ਤੇ ਸਿੱਖ ਧਰਮ ਦਾ ਪ੍ਰਚਾਰ- ਪ੍ਰਸਾਰ ਕੀਤਾ। ਆਪ ਗੁਰਮੁਖੀ, ਬ੍ਰਜ, ਹਿੰਦੀ, ਅਰਬੀ, ਫਾਰਸੀ ਦੇ ਬਹੁਤ ਵੱਡੇ ਵਿਦਵਾਨ ਸਨ। ਸਿੱਖ ਸਿਧਾਂਤ, ਸਿੱਖ ਦਰਸ਼ਨ ਅਤੇ ਹੋਰ ਧਰਮਾਂ ਦੇ ਸਾਹਿਤ ਤੇ ਦਰਸ਼ਨ ਬਾਰੇ ਆਪ ਨੂੰ ਡੂੰਘੀ ਜਾਣਕਾਰੀ ਸੀ। ਭਾਈ ਗੁਰਦਾਸ ਦੀ ਰਚਨਾ ਨੂੰ @ਸਿੱਖੀ ਦਾ ਰਹਿਤਨਾਮਾ@ ਵਜੋਂ ਵੀ ਸਵੀਕਾਰ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਸਮੇਂ ਬਾਰੇ ਸਭ ਤੋਂ ਪ੍ਰਮਾਣਿਕ ਅਤੇ ਸਟੀਕ ਹਵਾਲੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਹੀ ਮਿਲਦੇ ਹਨ। ਅਸਲ ਵਿੱਚ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਹੀ ਗੁਰੂ ਨਾਨਕ ਦੇਵ ਜੀ ਬਾਰੇ ਭਰਪੂਰ ਚਰਚਾ ਮਿਲਦੀ ਹੈ, ਜਦ ਕਿ ਗਿਆਰ੍ਹਵੀਂ, ਚੌਵੀਵੀਂ, ਪੱਚੀਵੀਂ ਅਤੇ ਛੱਬੀਵੀਂ ਆਦਿ ਵਾਰਾਂ ਦੀਆਂ ਵੱਖ- ਵੱਖ ਪਉੜੀਆਂ ਵਿੱਚ ਵੀ ਗੁਰੂ- ਬਾਬੇ ਬਾਰੇ ਉਲੇਖਯੋਗ ਰੂਪ ਵਿੱਚ ਚਰਚਾ ਮਿਲਦੀ ਹੈ।

ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ 49 ਪਉੜੀਆਂ ਹਨ। ਇਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸ੍ਰਿਸ਼ਟੀ ਰਚਨਾ, ਮਨੁੱਖਾ ਜੂਨ ਦੀ ਉਤਪਤੀ, ਚਾਰ ਯੁੱਗਾਂ ਦੀ ਸਥਾਪਨਾ, ਚਾਰ ਵਰਨਾਂ, ਹਿੰਦੂ ਮੁਸਲਮਾਨਾਂ ਦੇ ਝਗੜੇ ਆਦਿ ਦਾ ਵਰਣਨ ਕਰਨ ਪਿੱਛੋਂ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਮਹੱਤਵਪੂਰਨ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਉਨ੍ਹਾਂ ਦਾ ਘਰੋਂ ਚੱਲਣਾ, ਉਸ ਸਮੇਂ ਦੇ ਹਾਲਾਤ ਦਾ ਵਰਣਨ, ਰਾਜਿਆਂ ਵਿੱਚ ਹਉਮੈ ਦਾ ਹੰਕਾਰ, ਗੁਰੂ ਨਾਨਕ ਦਾ ਸੁਮੇਰ ਪਰਬਤ ਤੇ ਪਹੁੰਚਣਾ, ਸਿੱਧਾਂ ਨਾਲ ਸਵਾਲ ਜਵਾਬ, ਕਲਯੁਗ ਵਿੱਚ ਹਨੇਰਗਰਦੀ ਦਾ ਵਰਣਨ, ਸਿੱਧਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ, ਗੁਰੂ ਜੀ ਦੇ ਮੱਕੇ ਦੀ ਯਾਤਰਾ, ਕਾਜ਼ੀਆਂ-ਮੌਲਵੀਆਂ ਵੱਲੋਂ ਗੁਰੂ ਜੀ ਨਾਲ ਬਹਿਸ, ਗੁਰੂ ਜੀ ਦੀ ਮੱਕੇ ਵਿੱਚ ਜਿੱਤ, ਗੁਰੂ ਜੀ ਦਾ ਬਗਦਾਦ ਪਹੁੰਚਣਾ, ਗੁਰੂ ਜੀ ਦੀ ਕਲਾ, ਸਤਿਨਾਮ ਦਾ ਚੱਕਰ, ਕਰਤਾਰਪੁਰ ਰਹਿਣਾ, ਸ਼ਿਵਰਾਤਰੀ ਦਾ ਮੇਲਾ, ਜੋਗੀਆਂ ਨਾਲ ਚਰਚਾ, ਸਿੱਧਾਂ ਵੱਲੋਂ ਕਰਾਮਾਤਾਂ, ਸਿੱਧਾਂ ਨਾਲ ਫੇਰ ਸਵਾਲ ਜਵਾਬ, ਸੱਚੇ ਸ਼ਬਦ ਦਾ ਪ੍ਰਤਾਪ, ਸਿੱਧਾਂ ਨੂੰ ਜਿੱਤਣਾ ਤੇ ਮੁਲਤਾਨ ਜਾਣਾ ਆਦਿ ਦਾ ਬਿਰਤਾਂਤ ਹੈ।

* ਪ੍ਰੋ. ਨਵ ਸੰਗੀਤ ਸਿੰਘ
(ਬਠਿੰਡਾ) 9417692015.

ਇਨ੍ਹਾਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਜਨਮ, ਜੋਤੀ ਜੋਤਿ ਦੀਆਂ ਤਰੀਕਾਂ ਅਤੇ ਉਨ੍ਹਾਂ ਦੇ ਸਕੇ- ਸਬੰਧੀਆਂ ਦਾ ਕੋਈ ਵੇਰਵਾ ਤਾਂ ਨਹੀਂ ਹੈ, ਪਰ ਗੁਰੂ ਜੀ ਦੇ ਪ੍ਰਭਾਵਸ਼ਾਲੀ ਵਿਅਕਤਿੱਤਵ ਨੂੰ ਚਿੱਤਰਿਆ ਗਿਆ ਹੈ। ਇਤਿਹਾਸਕ ਪੱਖੋਂ ਇਨ੍ਹਾਂ ਵਾਰਾਂ ਵਿੱਚ ਉਸ ਸਮੇਂ ਦੀ ਸਮਾਜਿਕ, ਧਾਰਮਿਕ, ਰਾਜਨੀਤਕ ਅਵਸਥਾ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਈ ਸਾਹਿਬ ਦੱਸਦੇ ਹਨ ਕਿ ਪਰਮਾਤਮਾ ਨੇ ਦੁਖੀ ਦੁਨੀਆਂ ਦੀ ਪੁਕਾਰ ਸੁਣ ਕੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਤੇ ਭੇਜਿਆ। ਹਿੰਦੁਸਤਾਨ ਵਾਸੀ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਿੱਚ ਵੰਡੇ ਹੋਏ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਕਲਯੁਗ ਵਿੱਚ ਅਵਤਾਰ ਧਾਰਨ ਕਰਕੇ ਦੁਨੀਆਂ ਦੇ ਲੋਕਾਂ ਨੂੰ ਸਤਿਨਾਮੁ ਦਾ ਮੰਤਰ ਦ੍ਰਿੜ੍ਹ ਕਰਵਾਇਆ ਤੇ ਇਉ ਕਲਯੁਗੀ ਲੋਕਾਂ ਦਾ ਉਧਾਰ ਕਰਨ ਦੀ ਕੋਸਿਸ਼ ਕੀਤੀ।

ਧੁਰੋਂ ਬਖ਼ਸ਼ਿਸ਼ ਪ੍ਰਾਪਤ ਸਤਿਗੁਰੂ ਨੇ ਬੜੀ ਸਖ਼ਤ ਘਾਲਣਾ ਕਰਕੇ ਦੁਨੀਆਂ ਨੂੰ ਸ਼ਾਂਤ ਕਰਨ ਦਾ ਬੀੜਾ ਚੁੱਕਿਆ ਅਤੇ ਲੋਕਾਂ ਦੀ ਪੀੜਾ ਨੂੰ ਹਰਨ ਲਈ ਚਾਰ ਉਦਾਸੀਆਂ (ਪ੍ਰਚਾਰ ਦੌਰੇ) ਕੀਤੀਆਂ। ਇਨ੍ਹਾਂ ਉਦਾਸੀਆਂ ਦੌਰਾਨ ਉਹ ਵੱਖ- ਵੱਖ ਮੱਤ- ਮਤਾਂਤਰਾਂ, ਭੇਖਾਂ, ਜਾਤਾਂ- ਪਾਤਾਂ, ਵਰਣਾਂ, ਚਿਹਨਾਂ, ਧਰਮਾਂ, ਰੰਗਾਂ, ਰੂਪਾਂ, ਨਸਲਾਂ ਦੇ ਲੋਕਾਂ ਨੂੰ ਮਿਲੇ, ਜਿਨ੍ਹਾਂ ਵਿੱਚ ਜਤੀ, ਸਤੀ, ਸਿੱਧ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ, ਚੰਗੇ- ਮਾੜੇ ਗੁਣਾਂ ਵਾਲੇ ਸਾਰੇ ਲੋਕ ਸ਼ਾਮਿਲ ਸਨ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਅਗਿਆਨਤਾ ਰੂਪੀ ਹਨੇਰਾ ਮਿਟ ਗਿਆ ਅਤੇ ਸੱਚ ਦੇ ਸੂਰਜ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਧਰਤ ਲੋਕਾਈ ਨੂੰ ਸੋਧਣ ਲਈ ਹਿੰਦੂਆਂ ਦੇ ਤੀਰਥਾਂ ਤੇ ਗਏ, ਪਰਬਤਾਂ ਤੇ ਜਾ ਕੇ ਸਿੱਧਾਂ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ ਪਰ ਕਿਧਰੇ ਵੀ ਗੁਰਮੁਖ ਬਿਰਤੀ ਵਾਲੇ ਇਨਸਾਨ ਦੇ ਦਰਸ਼ਨ ਉਨ੍ਹਾਂ ਨੂੰ ਨਹੀਂ ਹੋਏ।

ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਦਾ ਸਾਥੀ ਭਾਈ ਮਰਦਾਨਾ ਵੀ ਉਨ੍ਹਾਂ ਦੇ ਨਾਲ ਸੀ:

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।
(ਵਾਰ 1/35)

ਭਾਰਤ ਤੋਂ ਬਾਹਰ ਗੁਰੂ ਜੀ ਨੇ ਮੁਸਲਮਾਨਾਂ ਦੇ ਪਵਿੱਤਰ ਅਸਥਾਨਾਂ ਮੱਕਾ, ਮਦੀਨਾ ਅਤੇ ਬਗ਼ਦਾਦ ਦੀ ਜ਼ਿਆਰਤ ਕੀਤੀ। ਮੌਲਾਣਿਆਂ ਤੇ ਕਾਜ਼ੀਆਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਧਰਮ ਦੇ ਅਸਲੀ ਅਰਥ ਦ੍ਰਿੜ੍ਹ ਕਰਵਾਏ ਅਤੇ ਉਨ੍ਹਾਂ ਦੇ ਅਭਿਮਾਨ ਨੂੰ ਚਕਨਾਚੂਰ ਕੀਤਾ। ਭਾਈ ਸਾਹਿਬ ਇਸ ਪ੍ਰਸੰਗ ਵਿੱਚ ਲਿਖਦੇ ਹਨ:

ਗੜ੍ਹ ਬਗਦਾਦ ਨਿਵਾਏ ਕੇ ਮੱਕਾ ਮਦੀਨਾ ਸਭ ਨਿਭਾਇਆ।

ਗੁਰੂ ਜੀ ਦੇ ਸਮੇਂ ਵਿੱਚ ਉੱਚੇ ਅਹੁਦੇ ਤੇ ਬੈਠੇ ਸਾਰੇ ਹੀ ਲੋਕ ਅੱਤਿਆਚਾਰੀ ਤੇ ਪਾਪੀ ਬਣ ਗਏ ਸਨ; ਗਿਆਨ ਵਿਹੂਣੇ ਲੋਕੀਂ ਕੂੜ ਤੇ ਝੂਠ ਬੋਲੀ ਜਾ ਰਹੇ ਸਨ; ਨਿਆਂ ਤੇ ਇਨਸਾਫ਼ ਕਰਨ ਵਾਲੇ ਮੁਸਲਮਾਨ ਕਾਜ਼ੀ ਰਿਸ਼ਵਤਾਂ ਲੈ ਕੇ ਗਲਤ ਫੈਸਲੇ ਕਰੀ ਜਾ ਰਹੇ ਸਨ; ਹਰ ਤਰ੍ਹਾਂ ਦੇ ਕਾਰਜ ਨੂੰ ਸਿਰਫ ਪੈਸੇ ਦੀ ਦ੍ਰਿਸ਼ਟੀ ਤੋਂ ਵੇਖਿਆ ਜਾ ਰਿਹਾ ਸੀ। ਅਜਿਹੇ ਕਲਯੁਗੀ ਸਮੇਂ ਨੂੰ ਭਾਈ ਸਾਹਿਬ ਨੇ ਬੜੇ ਹੀ ਸਟੀਕ ਢੰਗ ਨਾਲ ਅਭਿਵਿਅਕਤੀ ਦਿੱਤੀ ਹੈ:

ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ।
ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ।
ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ।
ਵਰਤਿਆ ਪਾਪ ਸਭਸੁ ਜਗ ਮਾਂਹੀ।
(ਵਾਰ 1/30)

ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਕਦਮ ਪਏ, ਉੱਥੇ ਉੱਥੇ ਸਭ ਧਰਮਾਂ ਦੇ ਲੋਕ ਉਨ੍ਹਾਂ ਨੂੰ ਆਪੋ ਆਪਣਾ ਗੁਰੂ/ ਪੀਰ ਮੰਨਣ ਲੱਗ ਪਏ ਅਤੇ ਲੋਕਾਂ ਨੇ ਧਰਮਸ਼ਾਲਾਵਾਂ ਸਥਾਪਤ ਕਰਕੇ ਹਰਿ-ਕੀਰਤਨ ਸ਼ੁਰੂ ਕਰ ਦਿੱਤਾ:

ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਦੁਆਈ।
(ਵਾਰ 1/34)

ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।
(ਵਾਰ 1/27)

ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਗੁਰੂ ਜੀ ਜਦੋਂ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਦੇ ਮੁਖਾਰਬਿੰਦ @ਚੋਂ ਜਿਹੜਾ ਪਹਿਲਾਂ ਵਾਕ ਨਿਕਲਿਆ ਸੀ ਉਹ ਸੀ- ÷ਨਾ ਕੋ ਹਿੰਦੂ ਨਾ ਮੁਸਲਮਾਨ÷। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਜੇ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ, ਤਾਂ ਅਸੀਂ ਕਿਸ ਨੂੰ ਮੰਨੀਏ, ਕਿਸ ਰਾਹ ਤੇ ਤੁਰੀਏ। ਗੁਰੂ ਜੀ ਨੇ ਫ਼ਰਮਾਇਆ: ਖ਼ੁਦਾ ਦੇ ਰਾਹ ਤੇ ਚੱਲੋ; ਉਹ ਨਾ ਹਿੰਦੂ ਹੈ ਨਾ ਮੁਸਲਮਾਨ। ਮੱਕੇ ਦੀ ਧਰਤੀ ਉੱਤੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਕਿ ਤੁਹਾਡੀ ਨਜ਼ਰ ਵਿੱਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸਾਫ਼ ਤੇ ਸਪਸ਼ਟ ਸੀ:

ਪੁੱਛਣ ਗੱਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ।
ਵੱਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤ ਕੋਈ।
ਪੁੱਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।
ਕੱਚਾ ਰੰਗ ਕੁਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ।
ਰਾਹ ਸ਼ੈਤਾਨੀ ਦੁਨੀਆ ਗੋਈ।
(ਵਾਰ 1/33)

ਦੇਸ਼- ਵਿਦੇਸ਼ ਦਾ ਭ੍ਰਮਣ ਕਰਨ ਪਿੱਛੋਂ ਜਦੋਂ ਗੁਰੂ ਜੀ ਕਰਤਾਰਪੁਰ ਵਿਖੇ ਆਣ ਬਿਰਾਜੇ, ਤਾਂ ਉਨ੍ਹਾਂ ਨੇ ਗੁਰਿਆਈ ਦਾ ਤਿਲਕ ਭਾਈ ਲਹਿਣਾ ਜੀ ਨੂੰ ਲਾਇਆ, ਜੋ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਵਜੋਂ ਜਾਣੇ ਗਏ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਰੀਰ ਦਾ ਚੋਲ਼ਾ ਹੀ ਬਦਲਿਆ ਅਤੇ ਆਪਣੀ ਜੋਤਿ ਨੂੰ ਗੁਰੂ ਅੰਗਦ ਦੇਵ ਵਿੱਚ ਟਿਕਾ ਕੇ ਅਜਿਹੇ ਨਵੇਂ ਮੱਤ ਦੀ ਨੀਂਹ ਰੱਖੀ ਜਿਸ ਨੂੰ ਸੱਚਾ ਸੁੱਚਾ ਸਿੱਖ ਧਰਮ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਤੋਂ ਇਲਾਵਾ ਜਿਨ੍ਹਾਂ ਬਾਕੀ ਵਾਰਾਂ ਦੀਆਂ ਵਿਭਿੰਨ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਚਿੱਤਰਿਆ ਹੈ, ਉੱਥੇ ਵੀ ਗੁਰੂ ਨਾਨਕ ਦੇਵ ਜੀ ਨੂੰ ਸਾਰੇ ਸੰਸਾਰ ਦੇ ਗੁਰੂ (ਜਗਤੁ ਗੁਰੂ ਗੁਰੁ ਨਾਨਕ ਦੇਉ, ਵਾਰ 24/ 2); ਜਾਹਰਾ ਪੀਰ (ਜ਼ਾਹਰ ਪੀਰ ਜਗਤੁ ਗੁਰੁ ਬਾਬਾ,ਵਾਰ 24/3); ਹਰ ਪੱਖ ਤੋਂ ਪੂਰੇ ਗੁਰੂ (ਪੂਰਾ ਸਤਿਗੁਰ ਜਾਣੀਐ ਪੂਰੈ ਪੂਰਾ ਠਾਟ ਬਣਾਯਾ,ਵਾਰ 26/16); ਗੁਣਾਂ ਦਾ ਖ਼ਜ਼ਾਨਾ, ਨਿਰਭਉ ਨਿਰਵੈਰ (ਗੁਰ ਪੂਰਾ ਨਿਰਵੈਰ ਹੈ...; ਗੁਰ ਪੂਰਾ ਨਿਰਭਉ ਸਦਾ...ਵਾਰ 26/19); ਦੀਨ ਦੁਨੀਆਂ ਦਾ ਪਾਤਸ਼ਾਹ (ਦੀਨ ਦੁਨੀਆਂ ਦਾ ਪਾਤਿਸ਼ਾਹ ਬੇਮੁਹਤਾਜ ਰਾਜ ਘਰ ਆਯਾ,ਵਾਰ 26/21) ਆਦਿ ਲਕਬਾਂ ਨਾਲ ਵਡਿਆਇਆ ਗਿਆ ਹੈ। ਮੱਧਕਾਲੀ ਪੰਜਾਬੀ ਸਾਹਿਤ ਵਿੱਚ ਮਿਲਦੇ ਵਿਭਿੰਨ ਰੂਪਾਂ (ਜਨਮਸਾਖੀਆਂ, ਗੋਸ਼ਟਾਂ ਅਤੇ ਪਰਚੀਆਂ ਆਦਿ) ਵਿੱਚ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਇੱਕ ਪੌਰਾਣਿਕ ਤੇ ਮਿਥਿਹਾਸਿਕ ਵਿਅਕਤੀ ਵਜੋਂ ਪੇਸ਼ ਕੀਤਾ ਗਿਆ ਹੈ, ਉਹਦੀ ਥਾਂ ਤੇ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਇੱਕ ਇਤਿਹਾਸਕ ਵਿਅਕਤੀ ਦੇ ਤੌਰ ਤੇ ਚਿਤਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਮੁਕੱਦਸ ਸਥਾਨਾਂ ਤੇ ਜਾ ਕੇ ਅਤੇ ਖਾਸ ਕਰਕੇ ਅਖੌਤੀ ਸੰਨਿਆਸੀਆਂ ਤੇ ਭੇਖੀਆਂ ਦੇ ਕੂੜੇ ਭੇਖ ਨੂੰ ਲੋਕਾਂ ਸਾਹਮਣੇ ਨੰਗਾ ਕਰਕੇ ਅਜਿਹੀ ਜ਼ਾਹਿਰੀ ਕਲਾ ਵਰਤਾਈ, ਜਿਸ ਤੋਂ ਪ੍ਰਭਾਵਿਤ ਹੋ ਕੇ ਆਮ ਲੋਕਾਂ ਅਤੇ ਸਿੱਧਾਂ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ:

ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ।
(ਵਾਰ 1/37)

ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।
(ਵਾਰ 1/44)

# ਸਮਾਜ ਸੁਧਾਰਕ ਭਗਤ ਨਾਮਦੇਵ ਜੀ

ਭਗਤੀ ਲਹਿਰ ਵਿਚੋਂ ਉਭਰੇ ਭਗਤ ਨਾਮਦੇਵ ਜੀ ਪਹਿਲੇ ਸ਼੍ਰੋਮਣੀ ਭਗਤ ਹੋਏ, ਜਿਹਨਾਂ ਦੀ ਰਚੀ ਬਾਣੀ ਦੇ 61 ਸ਼ਬਦਾਂ ਨੂੰ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਹੈ। ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਛੀਪਾ (ਛੀਂਬਾ) ਜਾਤ ਦੇ ਪਰਿਵਾਰ ਵਿਚ ਹੋਇਆ। ਆਪ ਜੀ ਦੇ ਬਜੁਰਗ ਨਰਸੀ ਬਾਮਣੀ ਦੇ ਪੱਕੇ ਵਸਨੀਕ ਸਨ। ਪਰ ਆਪ ਜੀ ਦਾ ਬਚਪਨ ਦਾ ਸਮਾਂ ਪੰਡਰਪੁਰ ਵਿਖੇ ਬਤੀਤ ਹੋਇਆ। ਆਪ ਦੇ ਬਜ਼ੁਰਗ ਕੱਪੜੇ ਰੰਗਣ (ਛਾਪੇਖਾਨਾ) ਅਤੇ ਕੱਪੜੇ ਸਿਉਣ ਦਾ ਕੰਮ ਕਰਦੇ ਸਨ। ਆਪ ਨੇ ਬਚਪਨ ਤੋਂ ਹੀ ਪ੍ਰਭੂ ਭਗਤੀ ਵੱਲ ਲਗਨ ਲਾ ਲਈ ਅਤੇ ਆਪਣਾ ਕਾਰੋਬਾਰ ਵੀ ਨਾਲੋ-ਨਾਲ ਕਰਦੇ ਰਹੇ।

ਭਗਤ ਨਾਮਦੇਵ ਜੀ ਨੇ, ਇਕ ਉੱਚ ਕੋਟੀ ਦੇ ਸਾਹਿਤਕਾਰ, ਕਵੀ, ਬ੍ਰਹਮ-ਗਿਆਨੀ ਹੋਣ ਦੇ ਨਾਤੇ, ਭਗਤ-ਬਾਣੀ ਦੇ ਨਾਲ ਨਾਲ ਰਜਨੀਤਿਕ ਜ਼ੁਲਮਾਂ, ਸਮਾਜਿਕ ਗਿਰਾਵਟਾਂ ਦੇ ਖਿਲਾਫ ਵੀ ਆਵਾਜ਼ ਉਠਾਈ। ਉਨ੍ਹਾਂ ਆਪਣੀ ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਸਾਹਿਤਕ ਰਚਨਾ ਰਾਹੀਂ ਲੋਕਾਂ ਲਈ ਮਾਰਗ ਦਰਸ਼ਨ ਦਾ ਕੰਮ ਕੀਤਾ।

ਭਗਤ ਨਾਮਦੇਵ ਜੀ ਨੇ ਇਸਤਰੀ ਦਾ ਸਤਿਕਾਰ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਰਾਹ ਸੱਚ, ਪ੍ਰੇਮ, ਸ਼ਰਧਾ ਅਤੇ ਪਿਆਰ ਦਾ ਰਾਹ ਸੀ। ਵਹਿਮਾਂ-ਭਰਮਾਂ ਦੇ ਤਿਆਗ ਨੂੰ ਭਗਤ ਜੀ ਨੇ ਬਾਣੀ ਅੰਦਰ ਇਸਤਰੀ ਨੂੰ ਘਰ ਵਿਚ ਯੋਗ ਥਾਂ ਦੇਣ ਲਈ ਭਗਤ ਨਾਮਦੇਵ ਜੀ ਨੇ ਬਾਣੀ ਵਿਚ ਇੰਝ ਫਰਮਾਇਆ ਹੈ:

"ਘਰ ਕੀ ਨਾਰ ਤਿਆਗੈ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥
ਅੰਤ ਕੀ ਬਾਰ ਮੂਆ ਲਪਟਾਨਾ ॥੧॥
(ਅੰਗ ੧੧੬੪-੧੧੬੫)

ਉਹਨਾਂ ਦੀ ਬਾਣੀ ਵਿਚ ਕਿਰਤ ਕਰਨ, ਵੰਡ ਕੇ ਛਕਣ, ਨਾਮ ਜਪਣ ਦਾ ਉਪਦੇਸ਼ ਮਿਲਦਾ ਹੈ। ਕਿਰਤ ਕਰਨ ਦੇ ਨਾਲ ਨਾਲ ਸਿਮਰਨ ਨੂੰ ਵੀ ਆਪਸੀ ਸੁਮੇਲ ਕਰਨ 'ਤੇ ਜ਼ੋਰ ਦਿੱਤਾ।

ਰਾਂਗਨਿ ਰਾਂਗਉ ਸੀਵਨ ਸੀਵਉ ॥
ਰਾਮ ਨਾਮ ਬਿਨ ਘਰੀਅ ਨ ਜੀਵਉ ॥
(ਅੰਗ ੪੮੫)

ਭਗਤ ਨਾਮਦੇਵ ਜੀ ਦੀ ਬਾਣੀ ਵਿਸ਼ਾ-ਵਸਤੂ ਅਤੇ ਸ਼ੈਲੀ ਦੇ ਪੱਖੋਂ ਉੱਤਮ ਪ੍ਰਤੀਕ ਹੁੰਦੀ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਇਕ ਹੈ। ਉਹਨਾਂ ਨੇ ਨਾਂ ਕਿਸੇ ਦੇਹਧਾਰੀ ਗੁਰੂ ਦੇ ਰੂਪ ਵਿਚ, ਨਾ ਹੀ ਕਿਸੇ ਵਿਸ਼ੇਸ਼ ਧਰਮ ਨਾਲ ਜੁੜ ਕੇ ਪੂਜਾ ਕਰਨ ਦੀ ਗੱਲ ਕੀਤੀ ਹੈ, ਸਗੋਂ ਉਹਨਾਂ ਨੇ ਤਾਂ ਉਸ 'ਏਕੰਕਾਰ' ਦੀ ਹੀ ਗੱਲ ਕੀਤੀ ਹੈ ਜੋ ਕਿ ਸਰਬ ਵਿਆਪਕ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਅੰਗ ੮੭੫)

ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਹੰਕਾਰ, ਲੋਭ ਅਤੇ ਹਉਮੈ ਤੋਂ ਸੁਚੇਤ ਹੋਣ ਲਈ ਬਾਣੀ ਵਿਚ ਸਪੱਸ਼ਟ ਕਿਹਾ ਹੈ। ਇਸ ਮਨੁੱਖੀ-ਦੇਹੀ ਨੂੰ ਨਾਸ਼ਵਾਨ ਹੋਣ ਦਾ ਅਨੁਭਵ ਵੀ ਹਰ ਇਕ ਨੂੰ ਪਹਿਲਾਂ ਹੀ ਹੋਣਾ ਚਾਹੀਦਾ ਹੈ। ਇਸ ਲਈ ਕੋਈ ਵੀ ਮਨੁੱਖ ਇਸ ਧਰਤੀ ਉਪਰ ਸਦਾ ਰਹਿਣ ਦੀ ਖਾਹਿਸ਼ ਨਾ ਰੱਖੇ। ਪਰ ਮਨੁੱਖ ਇਹ ਸਭ ਕੁਝ ਭੁੱਲ ਜਾਂਦਾ ਹੈ ਉਹ ਆਪਣੇ ਕਾਰੋਬਾਰਾਂ ਵਿਚ ਇੰਨਾ ਰੁਲ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਭੁੱਲ ਹੀ ਜਾਂਦਾ ਹੈ। ਭਗਤ ਨਾਮਦੇਵ ਜੀ ਨੇ ਇਸ ਦੁਨੀਆਂ ਨੂੰ ਪਦਾਰਥਵਾਦੀ ਦੱਸਿਆ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ
ਬਿਨਸਿ ਜਾਇ ਝੂਠੀ ਦੇਹੀ ॥ (ਅੰਗ ੬੯੨)

ਭਗਤ ਨਾਮਦੇਵ ਜੀ ਰਚਨਾਤਮਕ ਵਿਚਾਰਧਾਰਾ ਦੇ ਸੰਤ ਕਵੀ ਸਨ। ਉਹ ਇਨਕਲਾਬੀ ਵਿਚਾਰਧਾਰਾ ਦੇ ਹਾਮੀ ਸਨ। ਰੂੜੀਵਾਦ ਤੋਂ ਉਪਰ ਉਠਣ ਦੀ ਉਹਨਾਂ ਆਵਾਜ਼ ਉਠਾਈ, ਜਾਤ-ਪਾਤ ਦੀਆਂ ਵੰਡੀਆਂ ਜੋ ਬ੍ਰਾਹਮਣਵਾਦ ਦੀਆਂ ਪਾਈਆਂ ਹੋਈਆਂ ਸਨ, ਦੇ ਖਿਲਾਫ ਆਪਣੀ ਕਾਵਿ ਰਚਨਾ ਅੰਦਰ ਆਵਾਜ਼ ਉਠਾਈ ਉਨ੍ਹਾਂ ਸਮਕਾਲੀ ਸਾਸ਼ਕਾਂ ਦੀਆਂ ਲੋਕ ਵਿਰੋਧੀ ਨੀਤੀਆਂ ਪ੍ਰਤੀ ਵੀ ਰੋਸ ਪ੍ਰਗਟ ਕੀਤਾ। ਭਾਰਤ ਵਿਚ ਉਸ ਸਮੇਂ, ਅਜਿਹੇ ਲੋਕ ਸਨ ਜਿਹੜੇ ਧਰਮ ਦੇ ਕੰਮਾਂ ਅਤੇ ਮਿਹਨਤ ਮਜ਼ਦੂਰੀ ਵਾਲੇ ਕੰਮਾਂ ਨੂੰ ਵੱਖੋ-ਵੱਖਰੇ ਹੋਣ 'ਚ ਵਿਸ਼ਵਾਸ਼ ਸਮਝਦੇ ਸਨ। ਨਾਮਦੇਵ ਜੀ ਨੇ ਧਰਮ ਤੇ ਕਿਰਤ ਨੂੰ ਅੱਡ ਅੱਡ ਕਿੱਤੇ ਸਮਝਣ ਦੀ ਧਾਰਨਾ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਧਰਮ ਦਾ ਮਨੁੱਖ ਦੇ ਅੰਦਰ ਨਾਲ ਅਤੇ ਕਿਰਤ ਦਾ ਸੰਬੰਧ ਮਨੁੱਖ ਦੇ ਬਾਹਰ ਨਾਲ ਹੈ। ਇਸ ਲਈ ਮਨੁੱਖ ਨੂੰ ਆਪਣਾ ਕੰਮ ਕਾਰ ਕਰਦੇ ਸਮੇਂ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਜੋੜ ਕੇ ਰੱਖਿਆ ਜਾ ਸਕਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥(ਅੰਗ ੧੩੭੫-੭੬)

ਆਪਣੇ ਜੀਵਨ ਦੇ ਅੰਤਮ ਦਿਨ ਨਾਮਦੇਵ ਜੀ ਨੇ ਪੰਜਾਬ ਵਿਚ ਆ ਕੇ ਬਤੀਤ ਕੀਤੇ। ਘੁਮਾਣ ਸਾਹਿਬ (ਗੁਰਦਾਸਪੁਰ) ਵਿਖੇ ਆਪ 80 ਸਾਲ ਦੀ ਆਯੂ ਭੋਗ ਕੇ 1350 ਈਸਵੀ ਵਿਚ ਪ੍ਰਲੋਕ ਸੁਧਾਰ ਗਏ। ਇਥੇ ਹਰ ਸਾਲ ਲੋਹੜੀ ਵਾਲੇ ਦਿਨ ਤੋਂ ਦੇਸ਼ ਪ੍ਰਦੇਸ਼ਾਂ ਤੋਂ ਸ਼ਰਧਾਲੂ ਆਪਣੀਆਂ ਹਾਜ਼ਰੀਆਂ ਭਰਨ ਲਈ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਭਗਤ ਨਾਮਦੇਵ ਜੀ ਦੀ ਵਰਸੋਈ ਨਗਰੀ ਦੀ ਧਰਤੀ ਨੂੰ ਨਤਮਸਤਕ ਕਰਦੇ ਹਨ।

**-ਮੇਜਰ ਸਿੰਘ ਨਾਭਾ**
**mob:9463553962**



ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



# ਧਿਆਨ ਦੀ ਮੰਗ ਕਰਦੇ ਹਨ ਨਨਕਾਣਾ ਸਾਹਿਬ ਦੇ ਕਈ ਗੁਰਧਾਮ





ਸਿੱਖ ਧਰਮ ਦੇ ਬਾਨੀ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਉਨ੍ਹਾਂ ਦੇ ਮੁਸਲਮਾਨ ਮੁਰੀਦ ਬਾਬਾ ਨਾਨਕ ਦੇ ਨਾਂਅ ਨਾਲ ਵਧੇਰੇ ਜਾਣਦੇ ਹਨ, ਦੇ ਜਨਮ ਅਸਥਾਨ ਰਾਇ ਭੋਇ ਦੀ ਤਲਵੰਡੀ (ਹੁਣ ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਗੁਰਦੁਆਰਾ ਜਨਮ ਅਸਥਾਨ ਸਮੇਤ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹੋਰ ਗੁਰੂ ਸਾਹਿਬਾਨ ਨਾਲ ਸਬੰਧਤ 8 ਦੇ ਕਰੀਬ ਗੁਰਦੁਆਰਾ ਸਾਹਿਬਾਨ ਸੁਸ਼ਿਭਤ ਹਨ। ਇਹ ਪਾਵਨ ਧਰਤੀ ਸਿੱਖ ਜਗਤ ਲਈ ਅਥਾਹ ਸ਼ਰਧਾ ਤੇ ਆਸਥਾ ਦਾ ਕੇਂਦਰ ਹੈ ਤੇ ਇਸ ਧਰਤੀ ਦੇ ਦਰਸ਼ਨ ਕਰਨ ਦੀ ਦੁਨੀਆ ਦਾ ਹਰ ਸਿੱਖ ਲੋਚਾ ਰੱਖਦਾ ਹੈ। ਪਾਕਿਸਤਾਨ ਵਸਦੇ ਸਿੱਖਾਂ ਤੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਤੋਂ ਇਲਾਵਾ ਗੁਰਪੁਰਬਾਂ ਤੇ ਹੋਰ ਇਤਿਹਾਸਕ ਦਿਹਾੜਿਆਂ ਮੌਕੇ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਭਾਰਤ ਸਮੇਤ ਵਿਦੇਸ਼ਾਂ ਤੋਂ ਵੀ ਕਾਫੀ ਸੰਗਤਾਂ ਪੁੱਜਦੀਆਂ ਹਨ। ਜੇਕਰ ਗੁਰਦੁਆਰਾ ਜਨਮ ਅਸਥਾਨ ਦੀ ਗੱਲ ਕਰੀਏ ਤਾਂ ਇਸ ਗੁਰਧਾਮ ਦਾ ਪ੍ਰਬੰਧ ਤੇ ਮਰਿਆਦਾ ਤਾਂ ਠੀਕ ਚੱਲ ਰਹੇ ਹਨ, ਪਰ ਇਸ ਸ਼ਹਿਰ ਵਿਚ ਸਥਿਤ ਬਾਕੀ ਗੁਰਦੁਆਰਾ ਸਾਹਿਬਾਨ ਦੀ ਹਾਲਤ ਬਹੁਤੀ ਵਧੀਆ ਨਹੀਂ ਹੈ। ਸ੍ਰੀ ਨਨਕਾਣਾ ਸਾਹਿਬ, ਜੋ ਕਿ ਹੁਣ ਲਹਿੰਦੇ ਪੰਜਾਬ ਦਾ ਇਕ ਜ਼ਿਲ੍ਹਾ ਬਣ ਚੁੱਕਾ ਹੈ, ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਇਥੇ ਸਥਿਤ ਗੁਰਦੁਆਰਾ ਜਨਮ ਅਸਥਾਨ ਦੀ ਵਿਸ਼ਾਲ ਤੇ ਖੁੱਲ੍ਹੀ-ਡੁੱਲ੍ਹੀ ਇਮਾਰਤ ਸ਼ਰਧਾਲੂਆਂ ਦਾ ਮਨ ਮੋਹ ਲੈਂਦੀ ਹੈ। ਰੋਜ਼ਾਨਾ ਇਸ ਗੁਰਦੁਆਰਾ ਸਾਹਿਬ ਵਿਖੇ ਸਵੇਰੇ-ਸ਼ਾਮ ਪੰਥਕ ਮਰਯਾਦਾ ਅਨੁਸਾਰ ਧਾਰਮਿਕ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ, ਗੁਰਮਤਿ ਦੀਵਾਨ ਸਜਦੇ ਹਨ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਸਦੇ ਦੋ ਕੁ ਹਜ਼ਾਰ ਦੇ ਕਰੀਬ ਸਿੱਖਾਂ ਵਿਚੋਂ ਵੱਡੀ ਗਿਣਤੀ ਵਿਚ ਸਿੱਖ ਪਰਿਵਾਰਾਂ ਦੇ ਸਿੱਖੀ ਸਰੂਪ ਵਿਚ ਪਰਪੱਕ ਬੱਚੇ, ਬੱਚੀਆਂ, ਨੌਜਵਾਨ ਤੇ ਬੀਬੀਆਂ ਸਵੇਰੇ-ਸ਼ਾਮ ਸ਼ਰਧਾ ਸਹਿਤ ਇਥੇ ਹਾਜ਼ਰੀ ਭਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਵੀ ਹੈ ਤੇ ਇਥੇ ਯਾਤਰੂਆਂ ਦੇ ਰੈਣ ਬਸੇਰੇ ਲਈ ਕਈ ਰਿਹਾਇਸ਼ੀ ਸਰਾਵਾਂ ਵੀ ਬਣੀਆਂ ਹੋਈਆਂ ਹਨ।ਪਰ ਇਸ ਸ਼ਹਿਰ ਵਿਚ ਸਥਿਤ ਕਈ ਹੋਰਨਾਂ ਗੁਰਦੁਆਰਾ ਸਾਹਿਬਾਨ ਦੀ ਹਾਲਤ ਤਰਸਯੋਗ ਹੈ, ਜਿਸ ਵੱਲ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਓਕਾਫ਼ ਬੋਰਡ ਤੇ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ 'ਤੇ ਵਸਦੇ ਸਿੱਖਾਂ ਨੂੰ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ। ਕੁਝ ਦਿਨ ਪਹਿਲਾਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਭਾਰਤ ਤੱਕ ਪਹਿਲੀ ਵਾਰ ਸਜਾਏ ਗਏ ਕੌਮਾਂਤਰੀ ਨਗਰ ਕੀਰਤਨ ਦੀ ਕਵਰੇਜ ਕਰਨ ਲਈ ਸ੍ਰੀ ਨਨਕਾਣਾ ਸਾਹਿਬ ਵਿਖੇ ਗਈ 'ਅਜੀਤ' ਦੀ ਦੋ ਮੈਂਬਰੀ ਟੀਮ ਵਲੋਂ ਜਦੋਂ ਇਸ ਸ਼ਹਿਰ 'ਚ ਸਥਿਤ ਬਾਕੀ ਗੁਰਦੁਆਰਾ ਸਾਹਿਬਾਨ ਦੀ ਵੀ ਯਾਤਰਾ ਕੀਤੀ ਗਈ ਤਾਂ ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਓਕਾਫ ਬੋਰਡ ਦੀ ਇਨ੍ਹਾਂ ਗੁਰਧਾਮਾਂ ਪ੍ਰਤੀ ਅਣਦੇਖੀ ਤੇ ਬੇਰੁਖ਼ੀ ਸਾਹਮਣੇ ਆਈ। ਗੁਰਦੁਆਰਾ ਜਨਮ ਅਸਥਾਨ ਸਮੇਤ ਗੁਰਦੁਆਰਿਆਂ ਦੇ ਵਿਸਥਾਰਤ ਇਤਿਹਾਸ ਸਬੰਧੀ ਯਾਤਰੂਆਂ ਨੂੰ ਜਾਣਕਾਰੀ ਦਿੰਦੇ ਬੋਰਡ ਬਹੁਤ ਘੱਟ ਗੁਰਦੁਆਰਿਆਂ 'ਚ ਨਜ਼ਰ ਆਉਂਦੇ ਹਨ ਤੇ ਨਾ ਹੀ ਗੁਰਦੁਆਰਾ ਕਮੇਟੀ ਵਲੋਂ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਾਉਣ ਲਈ ਕਿਸੇ ਵਿਸ਼ੇਸ਼ ਵਾਹਨ ਦੇ ਪ੍ਰਬੰਧ ਦੀ ਸਹੂਲਤ ਹੈ। ਸ਼ਰਧਾਲੂਆਂ ਨੂੰ ਆਟੋ ਰਿਕਸ਼ਾ ਵਾਲਿਆਂ ਦੀ ਸਹਾਇਤਾ ਜਾਂ ਫਿਰ ਪੈਦਲ ਹੀ ਦਰਸ਼ਨ ਕਰਨ ਜਾਣਾ ਪੈਂਦਾ ਹੈ।

**ਗੁਰਦੁਆਰਾ ਸ੍ਰੀ ਪੱਟੀ ਸਾਹਿਬ ਤੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ**

ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਹੀ ਗੁਰਦੁਆਰਾ ਸ੍ਰੀ ਪੱਟੀ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਗੁਰੂ ਸਾਹਿਬ ਨੇ ਬਚਪਨ ਵਿਚ ਪਾਂਧੇ ਪਾਸੋਂ ਸਿੱਖਿਆ ਪ੍ਰਾਪਤ ਕਰਨ ਸਮੇਂ ਉਸ ਨੂੰ 'ਪਰਮਾਤਮਾ ਇਕ ਹੈ' ਦਾ ਅਧਿਆਤਮਿਕ ਸੰਦੇਸ਼ ਦਿੱਤਾ ਸੀ ਤੇ ਇਥੇ ਰਾਗ ਆਸਾ ਵਿਚ ਪੱਟੀ ਨਾਮੀ ਬਾਣੀ ਰਚ ਕੇ ਸੁਣਾਈ ਸੀ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਸਵੇਰ-ਸ਼ਾਮ ਕੁਝ ਸੰਗਤ ਵੀ ਦਰਸ਼ਨ ਕਰਨ ਆਉਂਦੀ ਹੈ। ਇਥੇ ਇਕ ਸਿਲਾਈ ਸਕੂਲ ਚੱਲ ਰਿਹਾ ਹੈ, ਪਰ ਸਾਫ਼-ਸਫਾਈ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਕੁਝ ਕਦਮਾਂ ਦੀ ਵਿੱਥ 'ਤੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਸਥਿਤ ਹੈ। ਇਥੇ ਗੁਰੂ ਸਾਹਿਬ ਬਾਲ ਅਵਸਥਾ ਸਮੇਂ ਸਾਥੀ ਹਾਣੀਆਂ ਨਾਲ ਖੇਡਦੇ ਹੁੰਦੇ ਸਨ। ਇਸ ਗੁਰਦੁਆਰਾ ਸਾਹਿਬ ਦੀ ਮੁੱਖ ਇਮਾਰਤ ਦਾ ਨਵਾਂ ਏ.ਸੀ. ਹਾਲ ਬਣ ਚੁੱਕਾ ਹੈ ਤੇ ਬਾਕੀ ਦੀਵਾਨ ਹਾਲ ਤੇ ਲੰਗਰ ਹਾਲ ਦੀ ਕਾਰ ਸੇਵਾ ਵੀ ਜਾਰੀ ਹੈ। ਪਰ ਇਸ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਸਰੋਵਰ ਦੀ ਹਾਲਤ ਬਹੁਤ ਤਰਸਯੋਗ ਹੈ। ਇਸ ਸਰੋਵਰ ਵਿਚ ਜਲ ਤਾਂ ਇਕ ਪਾਸੇ ਰਿਹਾ, ਇਸ ਵਿਚ ਘਾਹ ਬੂਟੀ ਤੇ ਇਸ ਦੀ ਪਰਿਕਰਮਾ ਦੁਆਲੇ ਝਾੜੀਆਂ ਉੱਗੀਆਂ ਹੋਈਆਂ ਹਨ, ਜੋ ਪਾਕਿ ਗੁਰਦੁਆਰਾ ਕਮੇਟੀ ਤੇ ਓਕਾਫ ਬੋਰਡ ਦੇ ਗੁਰਧਾਮਾਂ ਦੀ ਸੇਵਾ ਸੰਭਾਲ ਦੇ ਦਾਅਵਿਆਂ ਦੀ ਫੂਕ ਕੱਢਦੀਆਂ ਹਨ। ਉਥੇ ਵਸਦੇ ਸਿੱਖਾਂ ਦਾ ਵੀ ਇਸ ਪਾਸੇ ਸ਼ਾਇਦ ਧਿਆਨ ਨਹੀਂ ਜਾਂਦਾ।

**ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਵੀ ਸਰੋਵਰ ਦੀ ਹਾਲਤ ਤਰਸਯੋਗ**

ਅੰਮ੍ਰਿਤ ਸਰੋਵਰ ਦੀ ਗੱਲ ਕਰੀਏ ਤਾਂ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਸਰੋਵਰ ਦੀ ਹਾਲਤ ਵੀ ਬਿਲਕੁਲ ਇਸੇ ਤਰ੍ਹਾਂ ਦੀ ਹੀ ਹੈ। ਇਸ ਗੁਰਦੁਆਰੇ ਦੇ ਇਤਿਹਾਸਕ ਪਿਛੋਕੜ ਅਨੁਸਾਰ ਜਦੋਂ ਬਚਪਨ ਵਿਚ ਗੁਰੂ ਸਾਹਿਬ ਇਸ ਥਾਂ 'ਤੇ ਆਪਣੇ ਪਸ਼ੂ ਚਾਰਦੇ ਸਨ ਤਾਂ ਇਕ ਦਿਨ ਉਨ੍ਹਾਂ ਦੇ ਭਗਤੀ 'ਚ ਲੀਨ ਹੋਣ ਕਾਰਨ ਪਸ਼ੂਆਂ ਨੇ ਇਕ ਜ਼ਿਮੀਂਦਾਰ ਦੀ ਫਸਲ ਖ਼ਰਾਬ ਕਰ ਦਿੱਤੀ, ਪਰ ਸ਼ਿਕਾਇਤ ਹੋਣ ਬਾਅਦ ਜਦੋਂ ਪੰਚਾਇਤ ਤੇ ਮੋਹਤਬਰਾਂ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਇਹ ਖ਼ਰਾਬ ਹੋਈ ਫ਼ਸਲ ਮੁੜ ਹਰੀ ਭਰੀ ਹੋ ਗਈ ਸੀ।

**ਗੁਰਦੁਆਰਾ ਮਾਲਜੀ ਸਾਹਿਬ ਤੇ ਗੁਰਦੁਆਰਾ ਤੰਬੂ ਸਾਹਿਬ**

ਇਸ ਦੇ ਥੋੜ੍ਹੀ ਨਜ਼ਦੀਕ ਹੀ ਗੁਰਦੁਆਰਾ ਮਾਲਜੀ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਇਸ ਗੁਰਦੁਆਰੇ ਨੂੰ ਪਹਿਲਾਂ ਗੁਰਦੁਆਰਾ ਸਰਪ ਛਾਇਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਦੱਸਿਆ ਜਾਂਦਾ ਹੈ ਕਿ ਗੁਰੂ ਜੀ ਬਚਪਨ 'ਚ ਇਕ ਦਿਨ ਜਦੋਂ ਪਸ਼ੂ ਚਾਰਦੇ ਧੁੱਪੇ ਹੀ ਸੌਂ ਗਏ ਸਨ ਤਾਂ ਇਕ ਫਨੀਅਰ ਸੱਪ ਨੇ ਆਪਣਾ ਫੱਨ ਖਿਲਾਰ ਕੇ ਉਨ੍ਹਾਂ ਦੇ ਚਿਹਰੇ 'ਤੇ ਛਾਂ ਕੀਤੀ ਸੀ। ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਇਸ ਕੌਤਕ ਨੂੰ ਇਲਾਕੇ ਦੇ ਉਸ ਵੇਲੇ ਦੇ ਹਾਕਮ ਰਾਇ ਬੁਲਾਰ ਭੱਟੀ ਨੇ ਅੱਖੀਂ ਦੇਖਿਆ ਸੀ ਤੇ ਉਸ ਤੋਂ ਬਾਅਦ ਉਹ ਗੁਰੂ ਸਾਹਿਬ ਦਾ ਮੁਰੀਦ ਹੋ ਗਿਆ ਸੀ।

**ਗੁਰਦੁਆਰਾ ਤੰਬੂ ਸਾਹਿਬ**

ਨਨਕਾਣਾ ਸਾਹਿਬ ਵਿਚ ਹੀ ਗੁਰਦੁਆਰਾ ਤੰਬੂ ਸਾਹਿਬ, ਜਿਥੇ ਕਿ ਗੁਰੂ ਜੀ ਨੇ ਭੁੱਖੇ ਸਾਧੂਆਂ ਤੇ ਹੋਰਨਾਂ ਨੂੰ ਭੋਜਣ ਛਕਾਉਣ ਬਾਅਦ ਘਰ ਵਾਪਸੀ ਤੋਂ ਪਹਿਲਾਂ ਕੁਝ ਸਮਾਂ ਤੰਬੂ-ਨੁਮਾ ਵਣ ਦੇ ਸੰਘਣੇ ਦਰੱਖਤਾਂ ਹੇਠ ਬਿਤਾਇਆ ਸੀ, ਵੀ ਸੁਸ਼ੋਭਿਤ ਹੈ ਤੇ ਇਸ ਦੀ ਨਵੀਂ ਵਿਸ਼ਾਲ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ। ਇਥੇ ਵੱਡੀ ਯਾਤਰੀ ਸਰਾਂ ਵੀ ਬਣਾਈ ਗਈ ਹੈ। ਇਸ ਦੇ ਨਾਲ ਹੀ ਛਾਉਣੀ ਨਿਹੰਗ ਸਿੰਘਾਂ ਦੀ ਨਿੱਕੀ ਜਿਹੀ ਇਮਾਰਤ ਵੀ ਹੈ, ਜਿਸ ਦੇ ਨਾਂਅ ਕਾਫ਼ੀ ਜ਼ਮੀਨ ਦੱਸੀ ਜਾਂਦੀ ਹੈ। ਜਥੇ ਨਾਲ ਗਏ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵਲੋਂ ਇਸ ਅਸਥਾਨ 'ਤੇ ਅਰਸੇ ਬਾਅਦ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ ਤੇ ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਇਸ ਅਸਥਾਨ ਦੀ ਕਾਰ ਸੇਵਾ ਬੁੱਢਾ ਦਲ ਵਲੋਂ ਕਰਾਉਣ ਦੀ ਪੇਸ਼ਕਸ਼ ਵੀ ਕੀਤੀ।



**ਗੁਰਦੁਆਰਾ ਪਾਤਸ਼ਾਹੀ ਪੰਜਵੀਂ ਤੇ ਛੇਵੀਂ**

ਇਸ ਪਾਵਨ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਤੇ ਛੇਵੀਂ ਵੀ ਸਥਿਤ ਹੈ। ਇਸ ਛੋਟੇ ਜਿਹੇ ਗੁਰਦੁਆਰੇ ਵਿਚ ਕੇਵਲ ਦੋ ਕਮਰੇ ਬਣੇ ਹੋਏ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਆਉਣ ਸਮੇਂ ਇਸ ਥਾਂ 'ਤੇ ਠਹਿਰੇ ਸਨ।

ਇਥੇ ਜ਼ਿਕਰਯੋਗ ਹੈ ਕਿ ਸ੍ਰੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਵਸਦੇ ਸਿੱਖ ਵੀ ਸ੍ਰੀ ਨਨਕਾਣਾ ਸਾਹਿਬ ਦੇ ਕੁੱਝ ਮੁਖ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਬਾਕੀ ਛੋਟੇ ਗੁਰਦੁਆਰਾ ਸਾਹਿਬਾਨ ਵਿਖੇ ਦਰਸ਼ਨ ਕਰਨ ਵੀ ਕਦੇ-ਕਦਾਈਂ ਹੀ ਪੁੱਜਦੇ ਹਨ ਤੇ ਗ੍ਰੰਥੀ ਸਿੰਘਾਂ ਨੂੰ ਛੱਡ ਕੇ ਬਹੁਤੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿ ਗੁਰਦੁਆਰਾ ਕਮੇਟੀ ਦੇ ਓਕਾਫ ਬੋਰਡ ਵਲੋਂ ਰੱਖੇ ਗਏ ਗੈਰ-ਸਿੱਖ ਕੇਅਰ ਟੇਕਰ, ਮੁਲਾਜ਼ਮਾਂ ਵਲੋਂ ਹੀ ਕੀਤਾ ਜਾਂਦਾ ਹੈ। ਕਈ ਗੁਰਦੁਆਰੇ ਤਾਂ ਭਾਰਤ ਤੋਂ ਜਾਣ ਵਾਲੇ ਵਿਸ਼ੇਸ਼ ਜਥਿਆਂ ਦੀ ਆਮਦ ਵੇਲੇ ਹੀ ਖੋਲ੍ਹੇ ਜਾਂਦੇ ਹਨ। ਪਾਕਿਸਤਾਨ ਸਰਕਾਰ ਅਰਸੇ ਤੋਂ ਬੰਦ ਪਏ ਕਈ ਇਤਿਹਾਸਕ ਗੁਰਦੁਆਰਿਆਂ ਨੂੰ ਮੁੜ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਰਹੀ ਹੈ, ਪਰ ਇਨ੍ਹਾਂ ਦੀ ਦੇਖ ਭਾਲ ਦੇ ਸਾਂਭ-ਸੰਭਾਲ ਵੱਲ ਵੀ ਵਿਸ਼ੇਸ਼ ਤਵੱਜੋਂ ਦੇਣ ਦੀ ਲੋੜ ਹੈ।

**ਜਸਵੰਤ ਸਿੰਘ ਜੱਸ**
**-ਅੰਮ੍ਰਿਤਸਰ।**
**ਮੋਬਾ: 98558-55751**








# ਸਭਨਾ ਜੀਆ ਦਾ ਇਕ ਦਾਤਾ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਗੁਣਾਂ ਅਤੇ ਉਨ੍ਹਾਂ ਦੇ ਉਪਦੇਸ਼ਾਂ ਸਿੱਖਿਆਵਾਂ ਦਾ ਜ਼ਿਕਰ ਮਹਿਜ ਚੰਦ ਕੁ ਸ਼ਬਦ ਅਖਰ ਵਿਚ ਬਿਆਨ ਕਰਨਾ ਪੂਰੀ ਤਰ੍ਹਾਂ ਅਸੰਭਵ ਹੈ,ਕਿਉਂ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਅਤੇ ਵੱਡਮੁੱਲੀ ਬਾਣੀ ਚਾਨਣ ਦਾ ਉਹ ਸਰਮਾਇਆ ਹੈ, ਰੁਸ਼ਨਾਉਂਦੀਆਂ ਹੋਈਆਂ ਉਹ ਕਿਰਨਾਂ ਹਨ, ਜੋ ਪੂਰੇ ਜਗਤ ਦੇ ਹਨੇਰਿਆਂ ਨੂੰ ਮਿਟਾਉਣ ਵਿਚ ਪੂਰੀ ਤਰ੍ਹਾਂ ਸਾਰਥਕ ਹਨ। ਅਜਿਹੀ ਰੋਸ਼ਨ ਕਿਰਨਾਂ ਨੂੰ ਮਹਿਜ਼ ਕੁਝ ਪੰਕਤੀਆਂ ਨਾਲ ਬਿਆਨ ਕਰਨਾ ਪੂਰੀ ਤਰ੍ਹਾਂ ਅਸੰਭਵ ਹੈ, ਕਿਉਂ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਅਤੇ ਵੱਡੀਮੁੱਲੀ ਬਾਣੀ ਚਾਨਣ ਦਾ ਉਹ ਸਰਮਾਇਆ ਹੈ, ਰੁਸ਼ਨਾਉਂਦੀਆਂ ਹੋਈਆਂ ਉਹ ਕਿਰਨਾਂ ਹਨ, ਜੋ ਪੂਰੇ ਜਗਤ ਦੇ ਹਨੇਰਿਆਂ ਨੂੰ ਮਿਟਾਉਣ ਵਿਚ ਪੂਰੀ ਤਰ੍ਹਾਂ ਸਾਰਥਕ ਹਨ। ਅਜਿਹੀ ਰੋਸ਼ਨ ਕਿਰਨਾਂ ਨੂੰ ਮਹਿਜ਼ ਕੁਝ ਪੰਕਤੀਆਂ ਨਾਲ ਬਿਆਨ ਕਰਨਾ ਕਠਿਨ ਕਾਰਜ ਹੈ,ਪਰ ਇਥੇ ਇਹ ਗੱਲ ਪੂਰੀ ਤਰ੍ਹਾਂ ਨਿਸ਼ਚਾ ਹੈ ਕਿ ਜੇਕਰ ਸਮੁੱਚੀ ਮਨੁੱਖਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਨੇ ਤਾਂ ਸਮੁੱਚੀ ਮਨੁੱਖਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਨੇ ਤਾਂ ਸਮੁੱਚੀ ਹਯਾਤੀ ਨੂੰ ਉਜਵਲ ਜ਼ਰੂਰ ਕੀਤਾ ਜਾ ਸਕਦਾ ਹੈ,ਆਓ ਇਸ ਨੂੰ ਬਿਆਨ ਕਰਨ ਦਾ ਉਪਰਾਲਾ ਕਰਦੇ ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਸਰਬ ਸ਼੍ਰੇਸ਼ਟ ਬਾਣੀ ਹੈ। ਚਿਵਾਰ ਪ੍ਰਧਾਨ ਬਾਣੀ ਹੈ ।ਜਪੁ ਜੀ ਦਾ ਵਿਚਾਰ ਪ੍ਰਧਾਨ ਬਾਣੀ ਹੈ। ਜਪੁ ਜੀ ਦਾ ਵਿਚਾਰ ਆਤਮਿਕ ਵਿਆਖਿਆ ਹੀ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ।ਆਦਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਹੀ ਜਪੁ ਜੀ ਸਾਹਿਬ ਦੇ ਵਿਚਾਰਾਂ ਦਾ ਵਿਸਥਾਰ ਹੈ। ਇਹ ਬਾਣੀ ਲੋਕ ਪ੍ਰਿਯ ਹੋਣੇ ਨਾਲ-ਨਾਲ ਗੁਰਮਤਿ ਦਾ ਸਾਰ ਅਤੇ ਨਿਤਨੇਮ ਦਾ ਮੂਲ ਆਧਾਰ ਵੀ ਹੈ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸਥਾਪਨਾ ਸਮੇਂ ਜਪੁ ਜੀ ਸਾਹਿਬ ਨੂੰ ਪਹਿਲਾ ਸਥਾਨ ਦਿੱਤਾ,ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਵਿਚ ਹੈ। ਜਪੁਜੀ ਵਿਚ ਰੂਹਾਨੀਅਤ ਦੇ ਸਾਰੇ ਪ੍ਰਮੁੱਖ ਅੰਗ ਹਨ। ਗੰਭੀਰ ਵਿਚਾਰ ਕੀਤੀ ਗਈ ਹੈ। ਅਨੇਕਾਂ ਹੀ ਰੂਹਾਨੀ ਪਹਿਲੂ ਉਜਾਗਰ ਹੁੰਦੇ ਹਨ ਅਕਾਲ ਪੁਰਖ ਦੇ ਸਰਬ ਸ਼ਕਤੀਮਾਨ ਹੋਣ ਦਾ ਸੁੰਦਰ ਵਰਨਣ ਵੀ ਮਿਲਦਾ ਹੈ ।ਸਭਨਾਂ ਜੀਆਂ ਦਾ ਇੱਕ ਦਾਤਾ ਦਾ ਵਰਨਣ ਜਪੁਜੀ ਸਾਹਿਬ ਦੀ ਪੰਜਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ। ਥਾਪਿਆ ਨਾ ਜਾਇ ਕੀਤਾ ਨਾ ਹੋਇ ॥ ਆਪੇ ਆਪ ਨਿਰੰਜਨ ਸੋਇ॥ ਜਿਨਿ ਸੇਵਿਆ ਤਿਨਿ ਪਾਇਆ ਮਾਨ ॥ ਨਾਨਕ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖ ਪਰਹਰਿ ਸੁਖ ਘਰ ਲੈ ਜਾਇ ॥ ਗੁਰਮਤਿ ਨਾਦੰ ਗੁਰਮਖਿ ਵੇਦੰ ਗੁਰਮਖਿ ਰਹਿਆ ਸਮਾਈ। ਗੁਰੂ ਈਸਰ ਗੁਰੂ ਗੋਰਖ ਬਮਾ ਗੁਰ ਪਾਰਬਤੀ ਮਾਈ॥ ਜੇ ਹਉ ਜਾਣਾ ਆਖਾ ਨਾਹੀ ਕਹਿਣਾ ਕਥਨੁ ਨਾ ਜਾਈ॥ ਗੁਰ ਇੱਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰਿ ਨਾ ਜਾਇ ॥5 ॥ 55(ਜਪੁ,ਅੰਗ:2) ਧਰਮ ਦਰਸ਼ਨ ਵਿਚ



ਸੇਵਾ ਤੋਂ ਭਾਵ ਸਿਰਫ ਸਰੀਰਕ ਕਿਰਿਆ ਹੀ ਨਹੀਂ ,ਸਗੋਂ ਇਹ ਤਾਂ ਇਕ ਸੰਕਲਪ ਹੈ, ਜਿਸ ਵਿਚ ਜੀਵ ਆਪਣੇ ਮਨ ਬਚਨਾਂ ਅਤੇ ਕਰਮਾਂ ਦੁਆਰਾ ਪਰਮ ਪਿਤਾ ਪ੍ਰਮਾਤਮਾ ਨੂੰ ਪ੍ਰਸ਼ਨ ਕਰਨ ਲਈ ਕਿਰਿਆਸ਼ੀਲ ਹੁੰਦਾ ਹੈ ।ਇਹ ਤਾਂ ਆਪਾ ਸਮਥਨ ਦੀ ਗੱਲ ਹੈ ।ਰੱਬ ਦੀ ਰਜ਼ਾਂ ਨੂੰ ਖਿੜੇ ਮੱਥ ਸਵੀਕਾਰ ਕਰਨਾ ਹੀ ਚੰਗਾ ਹੈ। ਪ੍ਰਮਾਤਮਾ ਦੇ ਦਰ 'ਤੇ ਆਦਰ ਮਾਣ ਉਨ੍ਹਾਂ ਨੂੰ ਹੀ ਮਿਲਦਾ ਹੈ, ਜੋ ਉਹਦੀ ਸੇਵਾ ਕਰਦੇ ਹਨ। ਗੁਰੂ ਸਾਹਿਬਨ ਦੀ ਸਾਧਨਾ ਪ੍ਰਣਾਲੀ ਵਿਚ ਸੇਵਾ ਨੂੰ ਬਹੁਤ ਵਿਸ਼ੇਸ਼ ਮਹੱਤਵ ਹਾਸਲ ਹੈ। ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਨੁਸਾਰ ਸੇਵਾ ਤੋਂ ਬਿਨ੍ਹਾਂ ਭਗਤੀ ਹੋ ਹੀ ਨਹੀਂ ਸਕਦੀ। ਪ੍ਰਾਰਬ੍ਰਹਮ ਪ੍ਰਮਾਤਮਾ ਸਰਵ ਸਸ਼ਟ ਹੈ,ਸਰਵ ਸ਼ਕਤੀਮਾਨ ਹੈ, ਉਤਪਤੀ ਪ੍ਰਤਿਪਾਲਣ, ਵਿਨਾਸ਼ ਆਦਿ ਸ਼ਕਤੀਆਂ ਤੋਂ ਸਰੋਤ ਕੇਵਲ ਪ੍ਰਮਾਤਮਾ ਤੋਂ ਸਰੋਤ ਕੇਵਲ ਪ੍ਰਮਾਤਮਾ ਹੀ ਅਕਾਲ ਪੁਰਖ ਤੋਂ ਸਿਵਾਏ ਕਿਸੇ ਨੂੰ ਵੀ ਚਿਤਵਨਾਯੋਗ ਨਹੀਂ ਹੈ। ਸ਼ਿਵ ਵੀ ਅਤੇ ਸ਼ਕਤੀ ਵੀ ਉਹ ਪ੍ਰਭੂ ਆਪ ਹੀ ਹੈ। ਇਸ ਤਰ੍ਹਾਂ ਅਜਿਹੇ ਹੀ ਹੈ। ਇਸ ਤਰ੍ਹਾਂ ਅਜਿਹੇ ਮਹਾਨ ਪ੍ਰਭੂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਜਪੁ ਜੀ ਸਾਹਿਬ ਦੀ ਇਸ ਪੰਜਵੀਂ ਪਉੜੀ ਵਿਚ ਸਭਿ ਆਖੇ ਸਚਿਆਰ ਦਾ ਹੀ ਵਿਸਥਾਰ ਹੈ। ਉਹ ਪਰਮ ਪੁਰਖ ਪ੍ਰਮਾਤਮਾ ਕਿਸੇ ਦਾ ਬਣਾਇਆ ਨਹੀਂ ਹੈ। ਨਾ ਹੀ ਕਿਸੇ ਦੁਆਰਾ ਥਾਪਿਆ ਹੋਇਆ ਹੈ ।ਉਹ ਤਾਂ ਨਿਰੰਜਨ ਹੈ। ਨਿਰੰਕਾਰ ਹੈ। ਉਹ ਪ੍ਰਮਾਤਮਾ ਸਰਵ ਸ਼ਸ਼ਟ ਹੈ। ਸਰਵ ਸ਼ਕਤੀਮਾਨ ਹੈ। ਉਸਦੀ ਸ਼ਕਤੀ ਅਖੰਡ ਹੈ। ਜਪੁ ਜੀ ਸਾਹਿਬ ਦੀ ਪੰਜਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਫਰਮਾਉਂਦੇ ਹਨ ਕਿ ਸਭਨਾ ਜੀਆਂ ਇਕ ਦਾਤਾ ਸੋ ਮੈਂ ਵਿਸਰਿ ਨਾ ਜਾਈ। ਅਰਥਾਤ ਪ੍ਰਮਾਤਮਾ ਹੀ ਸੱਚਾ ਰਾਜ਼ਕ ਹੈ,ਪਰ ਅਗਿਆਨੀ ਮਨੁੱਖ ਸੋਚਦਾ ਹੈ ਕਿ ਉਹ ਆਪਣੀ ਰੋਜ਼ੀ ਜਾਂ ਰਿਜ਼ਕ ਆਪ ਕਮਾਉਂਦਾ ਹੈ, ਪਰ ਸੱਚੀ ਗੱਲ ਤਾਂ ਇਹ ਹੈ ਕਿ ਅਕਾਲ ਪੁਰਖ ਜਿਸ ਨੂੰ ਵੀ ਸੰਸਾਰ ਵਿਚ ਭੇਜ ਦਿੰਦਾ ਹੈ ।ਇਨ੍ਹਾਂ ਹੈਵਾਨ, ਪਸ਼ੂ ਪੰਛੀ ਸਾਰਿਆਂ ਨੂੰ ਰਿਜ਼ਥ ਦੇਣ ਵਾਲਾ ਓਹ ਪ੍ਰਮਾਤਮਾ ਖੁਦ ਆਪ ਹੀ ਹੈ। ਪਸ਼ੂ ਪੰਛੀ ਜਾਨਵਰ ਤਾਂ ਖਜ਼ਾਨਾ ਵੀ ਨਹੀਂ ਭਰਦੇ, ਨਾ ਹੀ ਭੰਡਾਰ ਕਰਦੇ ਹਟਨ ।ਉਹ ਮਾਲਿਕ ਪ੍ਰਤਿਪਾਲਕ ਜੀਵ ਜੰਤੂਆਂ ਲਈ ਜੰਗਲਾਂ,ਬ੍ਰਿਛਾਂ ਵਿਚ ਵੀ ਰੋਜ਼ਾ ਦੇ ਭੰਡਾਰ ਜਮ੍ਹਾਂ ਕਰ ਦਿੰਦਾ ਹੈ ਪਰ ਰੋਜ਼ਾ ਦੇ ਭੰਡਾਰ ਜਮ੍ਹਾਂ ਕਰ ਦਿੰਦਾ ਹੈ ਪਰ ਰੋਜ਼ੀ ਲੈਣ ਵਾਲੇ ਸਭ ਨਾਦਾਨ ਹਨ। ਰੋਜ਼ੀ ਦੇਣ ਵਾਲਾ ਮਾਲਕ ਅਪਾਰ ਹੈ,ਜਪੁਜੀ ਸਾਹਿਬ ਅਨੁਸਾਰ ਦੇਂਦਾ ਦੇ ਲੈਂਦੇ ਥਕਿ ਪਾਇ। ਜੁਗਾ ਜੁਗੰਤਰਿ ਖਾਹਿ ਖਾਹਿ॥ ਮਾਝ ਦੀ ਵਾਰ 1 ਅੰਦਰਵਿਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ। ਅਸਤਿ ਏਕੁ ਦਿਗਰ ਕੁਈ ॥ ਏਕ ਤੁਸਈ ਏਕ ਤੁਈ ॥5 ॥ (ਅੰਗ 144 ) ਇਹ ਰਿਜ਼ਕ ਕਿਸੇ ਹੋਰ ਦੇ ਹੱਥ ਨਹੀਂ ਹੈ। ਸਾਨੂੰ ਸਾਰਿਆਂ ਨੂੰ ਹੀ ਓਸ ਪ੍ਰਮਾਤਮਾ ਦੀ ਆਸ ਹੈ। ਇੱਕ ਤੂੰ ਹੀ ਹੈ,ਦੂਜਾ ਕੋਈ ਨਹੀਂ ਹੈ। ਪੰਛੀਆਂ ਪੋਲੋ ਕਿਹੜਾਂ ਧਨ ਹੈ, ਕਿਹੜੀ ਦਲਤ ਹੈ। ਓਹ ਤਾਂ ਦਰਖ਼ਤ ਅਤੇ ਪਾਣੀ ਦੇ ਸਹਾਰੇ ਹੀ ਰਹਿੰਦੇ ਹਨ। ਸਾਰਿਆਂ ਨੂੰ ਸਭ ਕੁਝ ਦੇਣ ਵਾਲਾ ਓਹ ਦਾਤਾ ਆਪ ਹੀ ਹੈ। ਜਪੁ ਜੀ ਸਾਹਿਬ ਦੀ ਛੇਵੀ ਪਉੜੀ ਅੰਦਰ ਵੀ ਇਹੀ ਫੁਰਮਾਨ ਹੈ ।ਤੀਰਥ ਨਾਵਾ ਜੇ ਤਿਸ ਭਾਵਾ ਵਿਣ ਭਾਣੇ ਕਿ ਨਾਇ ਕਰੀ ॥ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੇ ਲਈ ॥ ਮਤਿ ਵਿਚ ਰਤਨਿ ਜਵਾਹਰ ਮਾਣਿਕ ਜੇ ਇੱਕ ਗੁਰ ਕੀ ਸੱਖ ਸੁਣੀ ॥ ਗੁਰਾਂ ਇੱਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇੱਕ ਦਾਤਾ ਜੋ ਮੇ ਵਿਸਰਿ ਨਾ ਜਾਈ ॥6 ॥ (ਜਪੁ) ਅੰਗ:2 ਭਾਵ ਜੋ ਪ੍ਰਾਣੀ ਆਪਣ ਸੱਚੀ ਸੱਚੀ ਘਾਲਣਾ ਕਰਕੇ ਪਭੂ ਨੂੰ ਪ੍ਰਸੰਨ ਕਰ ਲੈਂਦਾ ਹੈ।

# ਗੁਰੂ ਨਾਨਕ ਜੀ ਦਾ ਹਕੀਕੀ ਪ੍ਰਕਾਸ਼ ਪੁਰਬ

ਪਿਛਲੇ ਕੁਝ ਸਮੇਂ ਤੋਂ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਦੀ ਚਰਚਾ ਜ਼ੋਰ-ਸ਼ੋਰ ਨਾਲ ਚਲ ਰਹੀ ਹੈ। ਮੁਬਾਰਕ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ। ਇਸ ਇਤਿਹਾਸਕ ਹਕੀਕਤ ਬਾਰੇ ਕੋਈ ਭੁਲੇਖਾ ਨਹੀਂ ਹੈ ਕਿ ਗੁਰੂ ਨਾਨਕ ਨੇ 15ਵੀਂ ਤੇ 16ਵੀਂ ਸਦੀ ਵਿਚ ਅਕਾਲ ਪੁਰਖ ਤੇ ਸਮੁੱਚੀ ਕੁਦਰਤੀ ਕਾਇਨਾਤ ਵਿਚਲੇ ਰਿਸ਼ਤੇ ਨੂੰ ਉਜਾਗਰ ਕਰ ਕੇ ਬੇਥਵੇ ਤੇ ਨਿਰਾਰਥਕ ਮਿਥਿਹਾਸਕ ਸਿਲਸਿਲੇ ਨੂੰ ਪਛਾਣ ਕੇ ਨਕਾਰਿਆ।

ਉਨ੍ਹਾਂ ਸਮੁੱਚੇ ਉਸਾਰ ਦੇ ਵਿਗੜੇ ਹੋਏ ਸਾਰੇ ਪਸਾਰਾਂ ਨੂੰ ਰੱਦ ਕਰਦਿਆਂ ਕੁਦਰਤ ਤੇ ਮਨੁੱਖ ਵਿਚ ਸਮਤੋਲ 'ਤੇ ਆਧਾਰਤ ਉਸਾਰ ਦੀ ਗੱਲ ਕੀਤੀ। ਉਸ ਸਮੇਂ ਪੱਛਮ ਦੇ ਬੁਧੀਮਾਨ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਬੇਜਾਨ ਵਸਤੂਗਤ ਵਰਤਾਰੇ ਵਜੋਂ ਤਸੱਵਰ ਕਰਕੇ ਖੋਜ ਵਿਚ ਲੱਗੇ ਹੋਏ ਸਨ। ਭਾਰਤ ਦੀ ਧਰਤੀ ਉਤੇ ਭੇਖ ਦੇ ਲਬਾਦੇ ਹੇਠ ਕੂੜ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਗਰੀਬੀ, ਬੇਵਸੀ ਤੇ ਜਹਾਲਤ ਵਿਚ ਗ੍ਰੱਸੀ ਹੋਈ ਲੋਕਾਈ ਦੁੱਖ ਭੋਗ ਰਹੀ ਸੀ। ਰਾਜ, ਧਰਮ, ਸਮਾਜ, ਕਿਰਦਾਰ ਵਿਚ ਪਖੰਡ, ਦੰਭ ਤੇ ਆਪ ਹੁਦਰਾਪਨ ਪਸਰ ਚੁਕਾ ਸੀ। ਅਜਿਹੇ ਹਾਲਾਤ ਦੇ ਹਨੇਰੇ ਵਿਚ ਡੁੱਬੀ ਹੋਈ ਮਾਨਵਤਾ ਨੂੰ ਰੋਸ਼ਨੀ ਦੇਣ ਵਾਲੇ ਗੁਰੂ ਨਾਨਕ ਦਾ ਜਨਮ 1469 ਦੀ ਪਹਿਲੀ ਵਿਸਾਖ ਨੂੰ ਰਾਇਕੋਟਿ ਦੀ ਤਲਵੰਡੀ ਵਿਚ ਹੋਇਆ। ਬਾਬੇ ਨਾਨਕ ਦਾ ਅਰੰਭਕ ਜੀਵਨ ਲਗਾਤਾਰ ਚੁਣੌਤੀਆਂ ਵਾਲਾ ਰਿਹਾ। ਹਨੇਰੇ ਵਿਚ ਭਟਕ ਰਹੇ ਲੋਕਾਂ ਨੂੰ ਰੋਸ਼ਨੀ ਦੇਣ ਵਾਲੇ ਗੁਰੂ ਨਾਨਕ ਬਾਰੇ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਖੂਬਸੂਰਤ ਕਾਵਿ-ਭਾਸ਼ਾ ਵਿਚ ਚਰਚਾ ਕੀਤੀ ਹੈ, ਬਾਬਾ ਦੇਖੇ ਧਿਆਨ ਧਰ ਜਲਤੀ ਸਭ ਸ੍ਰਿਸ਼ਟੀ ਦਿਸ ਆਈ।

ਰੋਸ਼ਨੀ ਦੀ ਭਾਲ, ਕਾਲੀਆਂ ਤਾਕਤਾਂ ਦੇ ਖਿਲਾਫ ਚਿੰਤਨ ਤੇ ਪੈਂਤੜੇ ਤੋਂ ਵਿਚਾਰਧਾਰਕ ਸੰਘਰਸ਼ ਛੇੜਨ ਲਈ ਉਨ੍ਹਾਂ ਪਹਿਲਾਂ ਚੱਲੀਆਂ ਲਹਿਰਾਂ ਨਾਲ ਨਾਤਾ ਜੋੜਿਆ। ਆਪਣੇ ਤੋਂ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਸ਼ੇਖ ਫਰੀਦ, ਦੋ ਸਦੀਆਂ ਪਹਿਲਾਂ ਹੋਏ ਭਗਤ ਤਰਲੋਚਨ ਤੇ ਜੈਦੇਵ, ਸੌ ਸਾਲ ਪਹਿਲਾਂ ਹੋਏ ਭਗਤ ਰਵਿਦਾਸ ਤੇ ਰਾਮਾਨੰਦ, ਪੌਣੀ ਸਦੀ ਪਹਿਲਾਂ ਹੋਏ ਭਗਤ ਕਬੀਰ ਤੇ ਸੈਣ ਅਤੇ ਅੱਧੀ ਸਦੀ ਪਹਿਲਾਂ ਹੋਏ ਭਗਤ ਧੰਨਾ ਤੇ ਪੀਪਾ ਦੀ ਬਾਣੀ ਇਕੱਤਰ ਕਰ ਕੇ ਸਮੁੱਚੇ ਉਸਾਰ ਬਾਰੇ ਦਾਰਸ਼ਨਿਕ ਲਹਿਰ ਲਈ ਆਧਾਰ ਬਣਾਇਆ। ਇਸ ਦੇ ਨਾਲ-ਨਾਲ ਆਪਣੀ ਬਾਣੀ ਰਾਹੀਂ ਅਧਿਆਤਮਕ, ਧਾਰਮਕ, ਸਮਾਜਕ, ਸਭਿਆਚਾਰਕ ਅਤੇ ਸਿਆਸੀ ਖੇਤਰ ਦੇ ਨਾਲ-ਨਾਲ ਕੁਦਰਤ ਤੇ ਵਾਤਾਵਰਣ ਬਾਰੇ ਇਨਕਲਾਬੀ ਚੇਤਨਾ ਪੈਦਾ ਕੀਤੀ।

ਇਥੇ ਇਹ ਕਹਿਣਾ ਹੀ ਕਾਫੀ ਹੋਵੇਗਾ ਕਿ ਗੁਰੂ ਨਾਨਕ ਨੇ ਗਹਿਰ ਗੰਭੀਰ ਅਨੁਭਵ ਅਤੇ ਕਰਤਾਰੀ ਸੂਝ ਨਾਲ ਮਾਨਵਤਾ ਨੂੰ ਸੂਝ-ਬੂਝ ਦੇਣ ਲਈ ਸ਼ਬਦ-ਗੁਰੂ ਦਾ ਸੰਕਲਪ ਦਿੱਤਾ। ਉਨ੍ਹਾਂ ਦੇ ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹੀ ਅਤੇ ਪਹਿਲੀ ਸਤੰਬਰ 1604 ਨੂੰ ਦਰਬਾਰ ਸਾਹਿਬ ਵਿਚ ਇਸ ਦਾ ਪ੍ਰਕਾਸ਼ ਕੀਤਾ। ਗੁਰੂ ਨਾਨਕ ਦੀ ਬਾਣੀ ਬਾਰੇ ਲੰਮੀ ਚਰਚਾ ਦੀ ਥਾਂ ਏਨਾ ਕਹਿਣਾ ਕਾਫੀ ਹੈ ਕਿ ਉਨ੍ਹਾਂ ਨੇ ਇਕਵਾਦ, ਭਾਵ ਇਕ ਅਕਾਲ ਪੁਰਖ ਦੀ ਗੱਲ ਕੀਤੀ। ਅਨੇਕਾਂ ਦੇਵਤਿਆਂ ਨੂੰ ਰੱਦ ਕਰਦਿਆਂ ਮਨੁੱਖ ਨੂੰ ਦੰਭੀ ਵਰਤਾਰਿਆਂ ਤੇ ਕਿਨਾਰਾ ਕਰਨ ਲਈ ਪ੍ਰੇਰਨਾ ਦਿੱਤੀ। ਧਰਮ ਦੇ ਨਾਂ 'ਤੇ ਲੋਕਾਂ ਦੀ ਲੁੱਟ ਨੂੰ ਚੁਣੌਤੀ ਦਿੱਤੀ। ਨਿਆਂ ਅਤੇ ਬਰਾਬਰੀ 'ਤੇ ਆਧਾਰਤ ਰਾਜ, ਧਰਮ ਤੇ ਸਮਾਜ ਦਾ ਸੰਕਲਪ ਦਿੱਤਾ। ਕਿਸੇ ਦੇਸ਼ ਅਤੇ ਕੌਮ ਉਤੇ ਜਾਬਰ ਤੇ ਜ਼ਾਲਮ ਹਮਲਿਆਂ ਸਬੰਧੀ ਬੇਬਾਕ ਵਿਚਾਰ ਦਿੱਤੇ। ਦੱਬੇ-ਕੁਚਲੇ ਤੇ ਅਛੂਤ ਕਹੇ ਜਾਂਦੇ ਕਿਰਤੀਆਂ ਨਾਲ ਨਾਤਾ ਜੋੜਿਆ। ਔਰਤ ਦੀ ਮਨੁੱਖੀ ਜੀਵਨ ਵਿਚ ਸਹੀ ਥਾਂ ਕਾਇਮ ਕੀਤੀ।

ਮਿਥਿਹਾਸਕ ਕਥਾਵਾਂ ਵਿਚਲੇ ਪਾਤਰਾਂ ਦੀਆਂ ਕੁਚਾਲਾਂ ਸਬੰਧੀ ਚੇਤਨਾ ਪੈਦਾ ਕੀਤੀ। ਜੋਤਿਸ਼, ਵਰਤ, ਕਰਮ ਕਾਂਡ, ਵਹਿਮ-ਭਰਮ, ਸ਼ਰਾਧ, ਨਰਾਤੇ ਰੱਦ ਕੀਤੇ। ਅਖੌਤੀ ਦੇਵੀਆਂ-ਦੇਵਤਿਆਂ ਸਬੰਧੀ ਭੁਲੇਖੇ ਦੂਰ ਕੀਤੇ। ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਮਨੁੱਖੀ ਤੇ ਕੁਦਰਤੀ ਹੋਂਦ ਦੀ ਅਨੇਕਤਾ ਨੂੰ ਅਕਾਲ ਪੁਰਖ ਦੀ ਏਕਤਾ ਵਿਚ ਵੇਖਣ ਦਾ ਮਹਾਨ ਵਿਚਾਰ ਦਿੱਤਾ।

ਮੁਬਾਰਕ ਹੈ, ਐਸੇ ਗੁਰੂ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਸਥਾਪਤ ਧਿਰਾਂ ਵਲੋਂ ਮਨਾਇਆ ਜਾ ਰਿਹਾ ਹੈ। ਪਹਿਲਾ ਸਵਾਲ ਇਹ ਹੈ ਕਿ ਇਹ ਧਿਰਾਂ ਆਪ ਕਿਸ ਕਿਰਦਾਰ ਦੀਆਂ ਮਾਲਕ ਹਨ। ਸਰਕਾਰਾਂ ਦੇ ਸਿਆਸੀ ਉਦੇਸ਼ ਪ੍ਰਤੱਖ ਹਨ, ਪਰ ਕੀ ਇਹ ਸਿਆਸੀ ਧਿਰਾਂ ਨਿਆਂ ਬਰਾਬਰੀ ਤੇ ਪ੍ਰੇਮ ਉਤੇ ਆਧਾਰਤ ਅਮਲ ਦਾ ਯਤਨ ਕਰਦੀਆਂ ਹਨ। ਸਿੱਖ ਜਗਤ ਦੀ ਧਾਰਮਕ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵੇਲੇ ਜਿਸ ਪੈਂਤੜੇ ਨੂੰ ਅਪਨਾ ਕੇ ਚਲ ਰਹੀ ਹੈ, ਉਹ ਗੁਰੂ ਨਾਨਕ ਦੀ ਚਿੰਤਨ ਧਾਰਾ ਤੋਂ ਅਲੱਗ ਹੈ। ਪਿਛਲੇ ਦਿਨੀਂ 'ਜਸ ਪੰਜਾਬੀ' ਤੋਂ ਬੋਲਦਿਆਂ ਦਾਸ ਨੇ ਇਹ ਕਹਿਣ ਦਾ ਯਤਨ ਕੀਤਾ ਸੀ ਕਿ ਮਹਾਪੁਰਖਾਂ ਦੇ ਇਤਿਹਾਸਕ ਪਿਛੋਕੜ ਨੂੰ ਇਕੱਤਰ ਕਰ ਕੇ ਉਨ੍ਹਾਂ ਦੇ ਦਿਨ ਮਨਾਉਣ ਦਾ ਸਾਨੂੰ ਕੋਈ ਹੱਕ ਨਹੀਂ ਹੈ। ਨਾਨਕਸ਼ਾਹੀ ਕੈਲੰਡਰ ਦੇ ਕਰਤਾ ਸ਼ ਪਾਲ ਸਿੰਘ ਪੁਰੇਵਾਲ ਨੇ ਜੀਵਨ ਭਰ ਦੀ ਖੋਜ ਤੋਂ ਪਿਛੋਂ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਨਾਨਕ ਦਾ ਜਨਮ ਪਹਿਲੀ ਵਿਸਾਖ 1469 ਨੂੰ ਹੋਇਆ। ਇਥੇ ਇਸ ਲੰਮੀ ਅਤੇ ਤਰਕਸ਼ੀਲ ਖੋਜ ਬਾਰੇ ਚਰਚਾ ਕਰਨ ਲਈ ਮੌਕਾ ਨਹੀਂ ਹੈ। ਇਹ ਸਪਸ਼ਟ ਹੈ ਕਿ 1992 ਤੋਂ ਲੈ ਕੇ ਲਗਾਤਾਰ ਇਸ ਬਾਰੇ ਚਰਚਾ ਹੁੰਦੀ ਰਹੀ ਹੈ ਅਤੇ ਸਿੱਖ ਜਗਤ ਦੀ ਮੁੱਖ ਧਾਰਾ ਵਲੋਂ ਦੁਨੀਆਂ ਭਰ ਵਿਚ ਇਸ ਨੂੰ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਦੇ ਪੁਰਬ ਨੂੰ ਬਦਲਣ ਸਬੰਧੀ ਮਨਆਈਆਂ ਪਿਛੇ ਲੁਕੇ ਵਰਤਾਰਿਆਂ ਸਬੰਧੀ ਵਧੇਰੇ ਕਹਿਣ ਦੀ ਲੋੜ ਨਹੀਂ ਹੈ, ਕਿਉਂਕਿ ਉਨ੍ਹਾਂ ਸਬੰਧੀ ਸੱਚ ਕਿਸੇ ਤੋਂ ਲੁਕਿਆ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੇ ਜਥੇਦਾਰਾਂ ਵਲੋਂ ਇਸ ਤੱਥ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਕਿ ਗੁਰੂ ਨਾਨਕ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ 1469 ਹੈ। ਇਥੋਂ ਤਕ ਕਿ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਉਤੇ ਵੀ ਇਹ ਦਰਜ ਹੈ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ ਹੈ ਪਰ ਖਾਸ ਕਾਰਨਾਂ ਕਰਕੇ ਮਨਾਇਆ ਕੱਤਕ ਦੀ ਪੂਰਨਮਾਸ਼ੀ ਨੂੰ ਜਾਵੇਗਾ। ਇਸ ਮਨ ਆਈ ਤਬਦੀਲੀ ਦਾ ਕੋਈ ਠੋਸ ਕਾਰਨ ਨਹੀਂ ਦੱਸਿਆ ਗਿਆ। ਸਭ ਨੂੰ ਪਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਹ ਤਬਦੀਲੀ ਕਿਉਂ ਹੋਈ, ਜੋ ਪਿਛੋਂ ਸਿੱਖ ਇਤਿਹਾਸ ਦੇ ਬਾਨੀ ਸਬੰਧੀ ਇਹ ਨਵੀਂ ਰਵਾਇਤ ਪੱਕੀ ਹੋ ਗਈ। ਸਿੱਖ ਚਿੰਤਨ ਦਾ ਮੱਸਿਆ, ਸੰਗਰਾਂਦ, ਪੂਰਨਮਾਸ਼ੀ ਜਾਂ ਦਿਨਾਂ, ਮਹੀਨਿਆਂ ਸਬੰਧੀ ਵਹਿਮਾਂ-ਭਰਮਾਂ ਦਾ ਨੇੜੇ ਦਾ ਕੋਈ ਸਬੰਧ ਨਹੀਂ ਹੈ। ਜੇ ਇਥੇ ਗੁਰਬਾਣੀ ਦੇ ਪ੍ਰਮਾਣ ਦੇਣ ਦਾ ਯਤਨ ਕੀਤਾ ਗਿਆ ਤਾਂ ਗੱਲ ਲੰਮੀ ਹੋ ਜਾਵੇਗੀ। ਸਿੱਖ ਚਿੰਤਨ ਦਾ ਹਕੀਕੀ ਤੌਰ 'ਤੇ ਸਾਖੀ ਸਾਹਿਤ ਦੇ ਵੱਡੇ ਹਿੱਸੇ ਦੇ ਨਾਲ-ਨਾਲ ਕਰਾਮਾਤਾਂ, ਅਡੰਬਰਾਂ ਜਾਂ ਮਿਥਿਹਾਸ ਨਾਲ ਕੋਈ ਸਬੰਧ ਨਹੀਂ ਹੈ। ਜਦੋਂ ਕਿਸੇ ਵੀ ਇਤਿਹਾਸਕ ਵਰਤਾਰੇ ਨੂੰ ਕਰਾਮਾਤ ਵਿਚ ਬਦਲ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਗੁਰਬਾਣੀ ਦਾ ਸੱਚ ਵਿਚਾਰ ਉਤੇ ਆਧਾਰਤ ਹੈ, ਕਿਸੇ ਅੰਧਵਿਸ਼ਵਾਸੀ ਦਾ ਮੁਥਾਜ ਨਹੀਂ ਹੈ। ਬਿਕਰਮੀ ਕੈਲੰਡਰ ਚੰਦਰਮਾ ਦੀਆਂ ਗਤੀਆਂ ਉਤੇ ਆਧਾਰਤ ਹੈ। ਚੰਦ 354 ਦਿਨਾਂ ਵਿਚ ਆਪਣੀਆਂ ਸਾਰੀਆਂ ਗਤੀਆਂ ਸਮਾਪਤ ਕਰ ਲੈਂਦਾ ਹੈ ਤੇ ਇੰਜ ਹਰ ਵਰ੍ਹਾ 11 ਦਿਨ ਛੋਟਾ ਹੋ ਜਾਂਦਾ ਹੈ। ਇਸੇ ਕਾਰਨ ਹਰ ਤਿੰਨ ਸਾਲ ਬਾਅਦ ਇਕ ਮਹੀਨਾ ਵਧ ਜਾਂਦਾ ਹੈ, ਜਿਸ ਨੂੰ ਆਮ ਬੋਲੀ ਵਿਚ ਤੇਰ੍ਹਵਾਂ ਮਹੀਨਾ ਕਿਹਾ ਜਾਂਦਾ ਹੈ ਪਰ ਬ੍ਰਾਹਮਣ ਅਨੁਸਾਰ, ਇਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਮਹੀਨਾ ਬਦਸ਼ਗਨੀ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਕਿਸੇ ਦਿਨ, ਘੜੀ, ਹਫਤੇ ਜਾਂ ਮਹੀਨੇ ਨੂੰ ਨਹੀਂ ਮੰਨਦੀ। ਸਮੁੱਚੇ ਬ੍ਰਹਿਮੰਡ ਵਿਚ ਜੋ ਵੀ ਵਾਪਰਦਾ ਹੈ, ਉਹ ਕੁਦਰਤੀ ਸ਼ਕਤੀਆਂ ਦਾ ਹਿੱਸਾ ਹੈ।ਗੁਰੂ ਨਾਨਕ ਦੀ ਹਸਤੀ ਦੀ ਥਾਂ ਕਈ ਸਦੀਆਂ ਦੌਰਾਨ ਹੀ ਨਹੀਂ ਸਗੋਂ ਆਉਣ ਵਾਲੇ ਸਮੇਂ ਵਿਚ ਇਹ ਚਾਨਣ ਮੁਨਾਰੇ ਵਾਂਗ ਹੈ। ਉਨ੍ਹਾਂ ਸਥਾਨਕ ਚਿੰਤਨ, ਕੋਮਲ ਕਲਾਵਾਂ, ਪੰਜਾਬੀ ਭਾਸ਼ਾ ਦੇ ਨਾਲ ਹੋਰ ਬੋਲੀਆਂ, ਛੰਦਾਂ, ਕਾਵਿ ਰੂਪਾਂ ਤੇ ਰਾਗ ਵਿਦਿਆ ਦੇ ਵਿਰਸੇ ਨੂੰ ਸੰਭਾਲਿਆ। ਉਨ੍ਹਾਂ ਦੇ ਨਾਂ ਉਤੇ ਸ਼ ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਇਕ ਵਿਗਿਆਨਕ ਦਸਤਾਵੇਜ਼ ਹੈ। ਇਸ ਕੈਲੰਡਰ ਅਨੁਸਾਰ ਸਿੱਖ ਇਤਿਹਾਸ ਨਾਲ ਸਬੰਧਤ ਮਹਾਨ ਪੁਰਬ ਪੱਕੀਆਂ ਤਰੀਕਾਂ ਅਨੁਸਾਰ ਨਿਸ਼ਚਿਤ ਹੋ ਗਏ ਹਨ। ਅੱਜ ਮੌਕਾ ਹੈ ਕਿ ਜ਼ਿੰਮੇਵਾਰ ਪਦਵੀਆਂ 'ਤੇ ਬੈਠੇ ਸੱਜਣ ਇਸ ਨੂੰ ਮੁਕੰਮਲ ਰੂਪ ਵਿਚ ਪ੍ਰਵਾਨ ਕਰਦਿਆਂ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਦੀ ਖੇਚਲ ਕਰਨ। ਸ਼੍ਰੋਮਣੀ ਕਮੇਟੀ ਅਤੇ ਤਖਤ ਸਾਹਿਬਾਨ 'ਤੇ ਸੁਭਾਇਅਨ ਸੱਜਣ ਕਿਸੇ ਮੌਕੇ ਆਪ ਹੀ ਉਨ੍ਹਾਂ ਦੀ ਖੋਜ ਨੂੰ ਪ੍ਰਵਾਨ ਕਰ ਚੁਕੇ ਹਨ। ਕਈ ਕੁਇੰਟਲ ਫੁੱਲਾਂ ਦੀ ਤਬਾਹੀ ਕਰਨ ਵਾਲਿਉ ! ਗੁਰੂ ਨਾਨਕ ਦੇ ਕੁਦਰਤ ਨਾਲ ਪ੍ਰੇਮ ਦੀ ਤੌਹੀਨ ਨਾ ਕਰੋ। ਗੁਰੂ ਨਾਨਕ ਦੇ ਬਹਾਨੇ ਆਪਣਾ ਜਲੌਅ ਕਰਨਾ ਛੱਡੋ ਅਤੇ ਕੂੜ ਹਨੇਰੇ ਵਿਚ ਭਟਕਣ ਦੀ ਥਾਂ ਸੱਚ ਦਾ ਪੱਲਾ ਫੜੋ।ਸਭ ਤੋਂ ਵੱਡਾ ਇਤਿਹਾਸਕ ਸੱਚ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਲਈ ਪਹਿਲੀ ਵਿਸਾਖ ਦਾ ਦਿਹਾੜਾ ਇਸ ਕਾਰਨ ਹੀ ਚੁਣਿਆ ਕਿ ਇਹ ਦਿਨ ਗੁਰੂ ਨਾਨਕ ਦਾ ਪ੍ਰਕਾਸ਼ ਦਿਹਾੜਾ ਹੈ। ਅਸੀਂ ਮਹਾਰਾਜਾ ਰਣਜੀਤ ਸਿੰਘ ਵੇਲੇ ਕੱਤਕ ਦੀ ਪੂਰਨਮਾਸ਼ੀ ਦੀ ਪਰੰਪਰਾ ਕਿਉਂ ਨਿਭਾ ਰਹੇ ਹਾਂ ? ਇਸ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਇਸ ਸਵਾਲ ਦਾ ਵੀ ਜ਼ਿੰਮੇਵਾਰ ਹਸਤੀਆਂ ਕੋਲ ਕੋਈ ਜਵਾਬ ਨਹੀਂ ਹੈ ਕਿ ਉਨ੍ਹਾਂ ਨੇ ਕਿਹੜੀ ਮਜਬੂਰੀ ਅਧੀਨ ਦੋਗਲੀ ਨੀਤੀ ਅਪਨਾਈ ਹੈ।ਪਵਿੱਤਰ ਮੌਕਾ ਹੈ, ਗੁਰੂ ਨਾਨਕ ਦਾ ਪੁਰਬ ਇਤਿਹਾਸਕ ਹਕੀਕਤ ਅਤੇ ਵਿਚਾਰਧਾਰਕ ਸੁਹਿਦਰਤਾ, ਪ੍ਰਤੀਬਧਤਾ ਅਨੁਸਾਰ ਹੀ ਮਨਾਇਆ ਜਾਣਾ ਚਾਹੀਦਾ ਹੈ।

ਪ੍ਰੋ. ਨਿਰੰਜਨ ਸਿੰਘ ਢੇਸੀ
ਫੋਨ: 317-954-8969

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
******************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************



ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com


# ਗੁਰੂ ਨਾਨਕ ਸਾਹਿਬ ਦੇ ਦੱਸੇ ਮਾਰਗ ਤੇ ਚੱਲਣ ਦੀ ਲੋੜ

**ਸੁਰਜੀਤ ਸਿੰਘ ਫਲੋਰਾ**

ਗੁਰੂ ਨਾਨਕ ਦੇਵ ਜੀ ਨੇ ਆਪਣੀ ਸਰਬ-ਸਾਂਝੀ ਧੁਰ ਕੀ ਬਾਣੀ ਰਾਹੀਂ ਹਰ ਧਰਮ ਜਾਂ ਨਸਲ ਦੇ ਵਿਤਕਰੇ ਤੋਂ ਬਿੰਨਾ ਸਿੱਧੇ ਰਾਹ ਪਾਉਣ ਦਾ ਜਤਨ ਕੀਤਾ ਹੈ। ਆਪ ਹਰ ਇੱਕ ਨੂੰ ਉਤਸ਼ਾਹਤ ਕਰਦੇ ਹਨ, ਹੌਸਲਾ ਤੇ ਨਸੀਹਤ ਦਿੰਦੇ ਸਨ ਕਿ ਉਹ ਅਸਲੀਅਤ ਨੂੰ ਸਮਝੇ। ਗੁਰੂ ਜੀ ਦਾ ਮੁੱਖ ਸੰਦੇਸ਼ ਇਹ ਹੈ ਕਿ ਮਨੁੱਖਤਾ ਬੁਰਾਈ ਦਾ ਟਾਕਰਾ ਕਰੇ ਤੇ ਸਾਰੇ ਸੰਸਾਰ ਦੀ ਭਲਾਈ ਲਈ ਯਤਨ ਕਰੇ। ਗੁਰੂ ਨਾਨਕ ਦੇਵ ਜੀ ਦੀ ਬਾਣੀ ਹੰਕਾਰ ਦਾ ਤਿਆਗ ਤੇ ਨਿਮ੍ਰਤਾ ਦਾ ਸਬਕ ਸਿਖਾਉਂਦੀ ਹੈ। ਗੁਰੂ ਜੀ ਵਖ ਵਖ ਧਰਮਾਂ ਤੇ ਕੌਮਾਂ ਵਿੱਚ ਪਏ ਨਸਲੀ ਤੇ ਧਾਰਮਕ ਪਖ-ਪਾਤ ਦੇ ਵਿਰੁਧ ਤੇ ਹਰ ਇੱਕ ਨਾਲ ਇਕੋ ਜਿਹਾ ਸਲੂਕ ਕਰਨ ਦੀ ਸਲਾਹ ਦਿੰਦੇ ਸਨ। ਉਹਨਾਂ ਦੀ ਫਿਲਾਸਫੀ ਸਮਾਜਕ, ਰਾਜਸੀ, ਧਾਰਮਕ ਤੇ ਵਿੱਤੀ ਫਰਕਾਂ ਨੂੰ ਮਿਟਾਉਂਦੀ ਹੈ। ਉਹਨਾਂ ਦੀ ਜਨਮ ਸਾਖੀਆਂ ਵਿੱਚ ਲਿਖਿਆ ਹੈ ਕਿ ਉਹ ਸੁਮੇਰ ਪਰਬਤ ਤੇ ਯੋਗੀਆਂ ਨੂੰ ਅਤੇ ਮੁਲਤਾਨ, ਪਾਕਪਟਨ (ਪੰਜਾਬ), ਮੱਕੇ (ਸਊਦੀ ਅਰੇਬੀਆ) ਤੇ ਬਗ਼ਦਾਦ (ਇਰਾਕ) ਜਾ ਕੇ ਮੁਸਲਮਾਨ ਧਾਰਮਕ ਆਗੂਆਂ ਨੂੰ ਮਿਲੇ, ਉਹਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਉਹਨਾਂ ਤਕ ਆਪਣਾ ਸੰਦੇਸ਼ ਪਹੁੰਚਾਇਆ। ਉਹਨਾਂ ਨੇ ਸ਼ੇਖ ਫਰੀਦ ਵਰਗੇ ਧਾਰਮਕ ਆਗੂਆਂ ਦੀ ਬਾਣੀ ਇਕਤ੍ਰ ਕੀਤੀ ਜੋ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਕੀਤੀ। ਜਿਵੇਂ ਕਿ ਹੇਠ ਲਿਖੇ ਸਲੋਕ ਤੋਂ ਪਤਾ ਲਗਦਾ ਹੈ ਗੁਰੂ ਜੀ ਹਰ ਇੱਕ ਨੂੰ ਸਿੱਖਿਆ ਦਿੰਦੇ ਹਨ ਕਿ ਪਰਾਇਆ ਹੱਕ ਨਹੀਂ ਮਾਰਨਾ ਚਾਹੀਦਾ ਤੇ ਇਮਾਨਦਾਰੀ ਨਾਲ ਜੀਵਨ ਗੁਜ਼ਾਰ ਕੇ ਹਰਾਮ ਦੀ ਕਮਾਈ ਤੋਂ ਘਿਰਣਾ ਕਰਨੀ ਚਾਹੀਦੀ ਹੈ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ ਪੰਨਾ ੧੪੧

ਗੁਰੂ ਨਾਨਕ ਦੇਵ ਜੀ ਪਹਿਲੇ ਸਿੱਖ ਗੁਰੂ ਹੋਏ ਹਨ ਤੇ ਉਨ੍ਹਾਂ ਦੀਆਂ ਰੂਹਾਨੀ ਸਿੱਖਿਆਵਾਂ ਨੇ ਉਹ ਨੀਂਹ ਰੱਖੀ ਜਿਸ ਦੇ ਅਧਾਰ 'ਤੇ ਸਿੱਖ ਧਰਮ ਦਾ ਨਿਰਮਾਣ ਹੋਇਆ ਸੀ। ਇਕ ਧਾਰਮਿਕ ਅਵਿਸ਼ਕਾਰ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਫੈਲਾਉਣ ਲਈ ਦੱਖਣੀ ਏਸ਼ੀਆ ਤੇ ਮੱਧ ਪੂਰਬ ਦੀ ਯਾਤਰਾ ਕੀਤੀ। ਉਨ੍ਹਾਂ ਨੇ ਇਕ ਪਰਮਾਤਮਾ ਦੀ ਹੋਂਦ ਦੀ ਵਕਾਲਤ ਕੀਤੀ ਤੇ ਆਪਣੇ ਅਨੁਯਾਈਆਂ ਨੂੰ ਸਿਖਾਇਆ ਕਿ ਹਰ ਇਨਸਾਨ ਮੰਨਣ ਤੇ ਹੋਰ ਪਵਿੱਤਰ ਅਭਿਆਸਾਂ ਦੁਆਰਾ ਪ੍ਰਮਾਤਮਾ ਕੋਲ ਪਹੁੰਚ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੱਠਵਾਦ ਦਾ ਸਮਰਥਨ ਨਹੀਂ ਕੀਤਾ ਤੇ ਆਪਣੇ ਪੈਰੋਕਾਰਾਂ ਨੂੰ ਇਮਾਨਦਾਰ ਘਰੇਲੂ ਜੀਵਨ ਜਿਉਣ ਲਈ ਕਿਹਾ। ਉਨ੍ਹਾਂ ਦੀਆਂ ਸਿੱਖਿਆਵਾਂ ਨੂੰ 974 ਭਜਨ ਦੇ ਰੂਪ ਵਿਚ ਅਮਰ ਕਰ ਦਿੱਤਾ ਗਿਆ, ਜੋ ਸਿੱਖ ਧਰਮ ਦੇ ਪਵਿੱਤਰ ਪਾਠ, 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ,' ਵਜੋਂ ਜਾਣੇ ਜਾਂਦੇ ਹਨ। 20 ਮਿਲੀਅਨ ਤੋਂ ਵੱਧ ਪੈਰੋਕਾਰਾਂ ਦੇ ਨਾਲ, ਸਿੱਖ ਧਰਮ ਭਾਰਤ ਵਿਚ ਇਕ ਮਹੱਤਵਪੂਰਨ ਧਰਮ ਹੈ। ਨਾਨਕ ਸਾਹਿਬ ਇੱਕ ਮੱਧ-ਸ਼੍ਰੇਣੀ ਹਿੰਦੂ ਪਰਿਵਾਰ ਵਿੱਚ ਪੈਦਾ ਹੋਏ ਸਨ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਮਾਪਿਆਂ, ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੁਆਰਾ ਕੀਤਾ ਗਿਆ ਸੀ।

ਉਨ੍ਹਾਂ ਨੇ ਆਪਣਾ ਬਚਪਨ ਦਾ ਬਹੁਤ ਸਾਰਾ ਸਮਾਂ ਆਪਣੀ ਵੱਡੀ ਭੈਣ ਬੇਬੇ ਨਾਨਕੀ ਨਾਲ ਬਿਤਾਇਆ ਕਿਉਂਕਿ ਉਹ ਦਾ ਗੁਰੂ ਸਹਿਬ ਨਾਲ ਬਚਪਨ ਤੋਂ ਹੀ ਲਗਾਉ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਸੂਝ ਅਤੇ ਬ੍ਰਹਮ ਵਿਸ਼ਿਆਂ ਪ੍ਰਤੀ ਆਪਣੀ ਰੁਚੀ ਨਾਲ ਕਈਆਂ ਨੂੰ ਹੈਰਾਨ ਕਰ ਦਿੱਤਾ। ਆਪਣੀ 'ਉਪਨਯਾਨ' ਰਸਮ ਲਈ, ਉਸ ਨੂੰ ਪਵਿੱਤਰ ਧਾਗਾ ਪਹਿਨਣ ਲਈ ਕਿਹਾ ਗਿਆ। ਪਰ ਗੁਰੂ ਨਾਨਕ ਸਾਹਿਬ ਨੇ ਧਾਗਾ ਪਹਿਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਦੋਂ ਪੁਜਾਰੀ ਨੇ ਉਨ੍ਹਾਂ 'ਤੇ ਜ਼ੋਰ ਪਾਇਆ, ਤਾਂ ਇਕ ਜਵਾਨ ਨਾਨਕ ਨੇ ਇਕ ਧਾਗਾ ਪੁੱਛ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ, ਜਿਹੜਾ ਸ਼ਬਦ ਦੇ ਹਰ ਅਰਥ ਵਿਚ ਪਵਿੱਤਰ ਹੈ। ਉਹ ਚਾਹੁੰਦੇ ਸਨ ਕਿ ਧਾਗਾ ਰਹਿਮ ਅਤੇ ਸੰਤੁਸ਼ਟੀ ਦਾ ਬਣਿਆ ਹੋਵੇ, ਅਤੇ ਨਿਰੰਤਰਤਾ ਤੇ ਸੱਚ ਨੂੰ ਤਿੰਨਾਂ ਪਵਿੱਤਰ ਬੰਦਨਾਂ ਦਾ ਪ੍ਰਤੀਕ ਹੋਵੇ। 1475 ਵਿਚ, ਬਾਬੇ ਨਾਨਕ ਦੀ ਭੈਣ ਦਾ ਵਿਆਹ ਜੈ ਰਾਮ ਨਾਲ ਹੋ ਗਿਆ ਅਤੇ ਸੁਲਤਾਨਪੁਰ ਚਲੀ ਗਈ। ਗੁਰੂ ਨਾਨਕ ਸਾਹਿਬ ਕੁਝ ਦਿਨਾਂ ਲਈ ਆਪਣੀ ਭੈਣ ਨਾਲ ਰਹਿਣਾ ਚਾਹੁੰਦੇ ਸਨ। ਇਸ ਕਰਕੇ ਸੁਲਤਾਨਪੁਰ ਚਲੇ ਗਏ ਅਤੇ ਆਪਣੀ ਭੈਣ ਦੇ ਪਤੀ ਦੇ ਅਧੀਨ ਕੰਮ ਕਰਨਾ ਅਰੰਭ ਕਰ ਦਿੱਤਾ। ਸੁਲਤਾਨਪੁਰ ਵਿਚ ਠਹਿਰਨ ਵੇਲੇ, ਗੁਰੂ ਜੀ ਹਰ ਰੋਜ਼ ਸਵੇਰੇ ਨਦੀ ਵਿਚ ਨਹਾਉਣ ਅਤੇ ਮਨਨ ਕਰਨ ਲਈ ਜਾਂਦੇ ਸੀ। ਇਕ ਦਿਨ ਉਹ ਆਮ ਆਦਮੀ ਵਾਂਗ ਨਦੀ 'ਤੇ ਗਏ ਪਰ ਤਿੰਨ ਦਿਨ ਵਾਪਸ ਨਹੀਂ ਆਏ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਜੰਗਲ ਦੇ ਅੰਦਰ ਡੂੰਘੇ ਚਲੇ ਗਏ ਅਤੇ ਤਿੰਨ ਦਿਨ ਉਥੇ ਰਹੇ। ਜਦੋਂ ਉਹ ਵਾਪਸ ਪਰਤੇ ਤਾਂ ਕੋਈ ਸ਼ਬਦ ਨਹੀਂ ਬੋਲਿਆ ਮੋਨ ਸਨ। ਜਦੋਂ ਅਖੀਰ ਵਿੱਚ ਉਹਨਾਂ ਨੇ ਕੁਝ ਬੋਲਿਆ, ਇਹ ਹੀ ਕਿਹਾ ਇੱਥੇ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਹੈ। ਇਹ ਸ਼ਬਦ ਉਹਨਾਂ ਦੀਆਂ ਸਿੱਖਿਆਵਾਂ ਦੀ ਸ਼ੁਰੂਆਤ ਸਨ ਜੋ ਇੱਕ ਨਵੇਂ ਧਰਮ ਦੇ ਗਠਨ ਦੇ ਸਿੱਟੇ ਵਜੋਂ ਆਉਂਦੀਆਂ ਹਨ। ਉਸ ਸਮੇਂ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ ਕਿਉਂਕਿ ਉਹ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਦੁਨੀਆਂ ਦੇ ਹਰ ਖੇਤਰ ਵਿਚ ਯਾਤਰਾ ਕਰਦੇ ਸਨ।

ਉਹਨਾਂ ਨੇ ਆਪਣੀ ਸਿੱਖਿਆਵਾਂ ਰਾਹੀਂ ਸਿੱਖ ਧਰਮ ਦੀ ਸਥਾਪਨਾ ਕੀਤੀ। ਧਰਮ ਮੱਠਵਾਦ ਨੂੰ ਅਪਣਾਏ ਬਗੈਰ ਆਤਮਕ ਜੀਵਨ ਜਿਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਆਪਣੇ ਪੈਰੋਕਾਰਾਂ ਨੂੰ ਆਮ ਮਨੁੱਖੀ ਗੁਣਾਂ ਦੇ ਚੁੰਗਲ ਤੋਂ ਬਚਣਾ ਸਿਖਾਉਂਦਾ ਹੈ। ਜਿਵੇਂ ਵਾਸਨਾ, ਕ੍ਰੋਧ, ਲੋਭ, ਮੋਹ ਅਤੇ ਹੰਕਾਰੀ (ਸਮੂਹਕ ਤੌਰ 'ਤੇ @ਪੰਜ ਚੋਰ@ ਵਜੋਂ ਜਾਣੇ ਜਾਂਦੇ ਹਨ। ਸਿੱਖ ਧਰਮ ਇੱਕ ਏਕਾਧਿਕਾਰਵਾਦੀ ਧਰਮ ਹੈ, ਜਿਹੜਾ ਮੰਨਦਾ ਹੈ ਕਿ ਪ੍ਰਮਾਤਮਾ ਨਿਰੰਕਾਰ, ਅਕਾਲ ਰਹਿਤ ਤੇ ਅਦਿੱਖ ਹੈ। ਇਹ ਦੁਨਿਆਵੀ ਭਰਮ (ਮਾਇਆ), ਕਰਮ ਅਤੇ ਮੁਕਤੀ ਦੀਆਂ ਧਾਰਨਾਵਾਂ ਵੀ ਸਿਖਾਉਂਦਾ ਹੈ। ਸਿੱਖ ਧਰਮ ਦੇ ਕੁਝ ਪ੍ਰਮੁੱਖ ਅਭਿਆਸ ਸਿਮਰਨ ਅਤੇ ਗੁਰਬਾਣੀ ਦਾ ਪਾਠ, ਗੁਰੂਆਂ ਦੁਆਰਾ ਰਚਿਤ ਬਾਣੀ ਹਨ। ਧਰਮ ਨਿਆਂ ਅਤੇ ਬਰਾਬਰੀ ਦੀ ਵਕਾਲਤ ਕਰਦਾ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਦੀ ਅਪੀਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਕਿ ਹਰ ਮਨੁੱਖ ਆਤਮਕ ਸੰਪੂਰਨਤਾ ਪ੍ਰਾਪਤ ਕਰਨ ਦੇ ਸਮਰੱਥ ਹੈ ਜੋ ਆਖਰਕਾਰ ਉਹਨਾਂ ਨੂੰ ਪ੍ਰਮਾਤਮਾ ਵੱਲ ਲੈ ਜਾਂਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਪ੍ਰਮਾਤਮਾ ਤੱਕ ਸਿੱਧੀ ਪਹੁੰਚ ਲਈ ਰਸਮਾਂ ਅਤੇ ਪੁਜਾਰੀਆਂ ਦੀ ਲੋੜ ਨਹੀਂ ਹੁੰਦੀ।

ਆਪਣੀਆਂ ਸਿੱਖਿਆਵਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਜ਼ੋਰ ਦਿੱਤਾ ਕਿ ਪ੍ਰਮਾਤਮਾ ਨੇ ਬਹੁਤ ਸਾਰੀਆਂ ਦੁਨੀਆ ਰਚੀਆਂ ਹਨ ਅਤੇ ਜੀਵਨ ਵੀ ਬਣਾਇਆ ਹੈ। ਪ੍ਰਮਾਤਮਾ ਦੀ ਹਜ਼ੂਰੀ ਨੂੰ ਮਹਿਸੂਸ ਕਰਨ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਪ੍ਰਮਾਤਮਾ ਦਾ ਨਾਮ ਦੁਹਰਾਉਣ ਲਈ ਕਿਹਾ (ਨਾਮ ਜਪਣਾ)। ਉਹਨਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਦੂਜਿਆਂ ਦੀ ਸੇਵਾ ਕਰਕੇ ਅਤੇ ਸ਼ੋਸ਼ਣ ਜਾਂ ਧੋਖਾਧੜੀ ਵਿੱਚ ਉਲਝੇ ਬਿਨਾਂ ਇੱਕ ਇਮਾਨਦਾਰ ਜ਼ਿੰਦਗੀ ਜੀਣ ਦੁਆਰਾ ਇੱਕ ਆਤਮਕ ਜੀਵਨ ਜੀਉਣ ਦੀ ਅਪੀਲ ਦੇ ਵਚਨ ਕੀਤੇ। ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਸੰਦੇਸ਼ ਨੂੰ ਫੈਲਾਉਣ ਲਈ ਦ੍ਰਿੜ ਸਨ। ਉਹ ਮਨੁੱਖਜਾਤੀ ਦੀ ਦੁਰਦਸ਼ਾ ਤੋਂ ਦੁਖੀ ਸਨ ਕਿਉਂਕਿ ਵਿਸ਼ਵ ਕਲਯੁਗ ਦੀ ਬੁਰਾਈ ਦਾ ਤੇਜ਼ੀ ਨਾਲ ਸ਼ਿਕਾਰ ਹੋ ਰਿਹਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਮਹਾਦੀਪ ਦੀ ਯਾਤਰਾ ਕਰਨ ਦਾ ਫੈਸਲਾ ਕੀਤਾ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਪੰਜ ਯਾਤਰਾਵਾਂ (ਉਦਾਸੀਆਂ) ਕੀਤੀਆਂ। ਆਪਣੀ ਪਹਿਲੀ ਯਾਤਰਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਯਾਤਰਾ ਦੀ ਮਹੱਤਤਾ ਬਾਰੇ ਉਨ੍ਹਾਂ ਨੂੰ ਦੱਸਣ ਲਈ ਉਨ੍ਹਾਂ ਦੇ ਮਾਪਿਆਂ ਨਾਲ ਗਏ ਸਨ। ਆਪਣੀ ਪਹਿਲੀ ਯਾਤਰਾ ਦੌਰਾਨ, ਗੁਰੂ ਨਾਨਕ ਦੇਵ ਜੀ ਨੇ ਅੱਜ ਦੇ ਭਾਰਤ ਤੇ ਪਾਕਿਸਤਾਨ ਦੇ ਬਹੁਤ ਸਾਰੇ ਹਿੱਸੇ ਕਵਰ ਕੀਤੇ, ਇਹ ਉਹ ਯਾਤਰਾ ਸੀ ਜੋ ਸੱਤ ਸਾਲਾਂ ਤੱਕ ਚੱਲੀ ਅਤੇ ਮੰਨਿਆ ਜਾਂਦਾ ਹੈ ਕਿ ਇਹ 1500 ਅਤੇ 1507 ਈ. ਦੇ ਵਿਚਕਾਰ ਹੋਈ ਸੀ। ਆਪਣੀ ਦੂਸਰੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਅਜੋਕੇ ਸ਼੍ਰੀਲੰਕਾ ਦੇ ਜ਼ਿਆਦਾਤਰ ਹਿੱਸਿਆਂ ਦਾ ਦੌਰਾ ਕੀਤਾ। ਇਹ ਯਾਤਰਾ ਵੀ ਤਕਰੀਬਨ ਸੱਤ ਸਾਲ ਚੱਲੀ।

ਆਪਣੀ ਤੀਜੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਨੇ ਹਿਮਾਲਿਆ ਦੇ ਮੁਸ਼ਕਿਲ ਇਲਾਕਿਆਂ 'ਚੋਂ ਲੰਘੇ ਅਤੇ ਕਸ਼ਮੀਰ, ਨੇਪਾਲ, ਤਾਸ਼ਕੰਦ, ਤਿੱਬਤ ਅਤੇ ਸਿੱਕਮ ਵਰਗੀਆਂ ਥਾਵਾਂ ਨੂੰ ਭਾਗ ਲਾਏ। ਇਹ ਯਾਤਰਾ ਲਗਪਗ ਪੰਜ ਸਾਲ ਚੱਲੀ ਤੇ 1514 ਅਤੇ 1519 ਈ. ਦੇ ਵਿਚਕਾਰ ਹੋਈ। ਫਿਰ ਉਨ੍ਹਾਂ ਨੇ ਆਪਣੀ ਚੌਥੀ ਯਾਤਰਾ ਵਿਚ ਮੱਕਾ ਅਤੇ ਮੱਧ ਪੂਰਬ ਦੇ ਬਹੁਤ ਸਾਰੇ ਹਿੱਸਿਆਂ ਦੀ ਯਾਤਰਾ ਕੀਤੀ। ਇਹ ਤਕਰੀਬਨ ਤਿੰਨ ਸਾਲ ਚੱਲੀ। ਆਪਣੀ ਪੰਜਵੀਂ ਅਤੇ ਅੰਤਮ ਯਾਤਰਾ, ਜੋ ਦੋ ਸਾਲਾਂ ਤੱਕ ਚੱਲੀ, ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਖੇਤਰ ਵਿਚ ਸੰਦੇਸ਼ ਫੈਲਾਉਣ 'ਤੇ ਧਿਆਨ ਕੇਂਦਰਿਤ ਕੀਤਾ। ਉਹ ਆਪਣੀਆਂ ਬਹੁਤੀਆਂ ਯਾਤਰਾਵਾਂ ਵਿਚ ਭਾਈ ਮਰਦਾਨਾ ਦੇ ਨਾਲ ਸੀ. ਹਾਲਾਂਕਿ ਵਿਦਵਾਨਾਂ ਦੁਆਰਾ ਇਹਨਾਂ ਯਾਤਰਾਵਾਂ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ, ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 24 ਸਾਲ ਆਪਣੀ ਯਾਤਰਾ ਵਿੱਚ ਬਿਤਾਏ, ਜੋ ਕੇ ਤਕਰੀਬਨ 28,000 ਕਿਲੋਮੀਟਰ ਦੀ ਪੈਦਲ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਉਸ ਸਮੇਂ ਆਇਆ ਜਦੋਂ ਵੱਖ ਵੱਖ ਧਰਮਾਂ ਵਿਚ ਆਪਸ ਵਿਚ ਮਤਭੇਦ ਸਨ। ਮਨੁੱਖਤਾ ਹੰਕਾਰ ਅਤੇ ਹਉਮੈ ਦੇ ਨਸ਼ੇ ਵਿਚ ਇੰਨੀ ਸੀ ਕਿ ਲੋਕਾਂ ਨੇ ਰੱਬ ਅਤੇ ਧਰਮ ਦੇ ਨਾਮ 'ਤੇ ਇਕ ਦੂਸਰੇ ਵਿਰੁੱਧ ਲੜਨਾ ਸ਼ੁਰੂ ਕਰ ਦਿੱਤਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿੱਖਿਆ ਦੀ ਸ਼ੁਰੂਆਤ ਇਹ ਕਹਿ ਕੇ ਕੀਤੀ ਕਿ ਇੱਥੇ ਕੋਈ ਹਿੰਦੂ ਨਹੀਂ ਅਤੇ ਨਾ ਹੀ ਮੁਸਲਮਾਨ ਹਨ। ਇਹ ਇਸ ਤੱਥ ਦਾ ਸੰਕੇਤ ਕਰਦਾ ਹੈ ਕਿ ਪ੍ਰਮਾਤਮਾ ਇੱਕ ਹੈ ਅਤੇ ਉਹ ਸਿਰਫ ਵੱਖੋ ਵੱਖਰੇ ਧਰਮਾਂ ਦੁਆਰਾ ਵੱਖਰੇ ਤੌਰ 'ਤੇ ਵੇਖਿਆ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਚੰਗੇ ਸਮਾਜ ਦੇ ਨਿਰਮਾਣ ਲਈ ਦੁਨੀਆ ਸਾਹਮਣੇ ਤਿੰਨ ਸਿਧਾਂਤ ਰੱਖੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਂਝੀਵਾਲਤਾ, ਭਾਈਚਾਰੇ, ਅਤੇ ਰਾਸ਼ਟਰੀ ਏਕਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦਾ ਮਾਰਗ ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ। ਗੁਰੂ ਸਾਹਿਬ ਜੀ ਦੇ ਮਨ 'ਚ ਕੇਵਲ ਆਪਣੇ ਦੇਸ਼ ਲਈ ਹੀ ਪਿਆਰ ਨਹੀਂ ਸੀ ਉਹ ਤਾਂ ਸਾਰੀ ਸ੍ਰਿਸ਼ਟੀ ਦੇ ਕਲਿਆਣ ਲਈ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਅੰਗ 853)

ਸਮੂਹ ਸੰਸਾਰ 'ਚ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਹੋਵੇਗਾ ਕਿ ਕੀ ਅਸੀਂ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰ ਰਹੇ ਹਾਂ ਤੇ ਸਾਡਾ ਫਰਜ਼ ਬਣਦਾ ਹੈ ਕਿ ਗੁਰੂ ਡੰਮ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਦੂਰ ਹੁੰਦੇ ਹੋਏ ਕੁਦਰਤੀ ਖਜ਼ਾਨਿਆਂ ਨੂੰ ਸਾਂਭਣ ਲਈ ਕਾਰਜਸ਼ੀਲ ਹੋਈਏ, ਗੁਰੂ ਉਪਦੇਸ਼ ਨੂੰ ਆਪਣੇ ਹਿਰਦੇ 'ਚ ਵਸਾਈਏ ਅਤੇ ਨਵੀਂ ਪੀੜ੍ਹੀ ਨੂੰ ਗੁਰਮਤਿ ਮਾਰਗ 'ਤੇ ਪ੍ਰਪੱਕ ਰੂਪ 'ਚ ਤੋਰਨ ਲਈ ਹੰਭਲਾ ਮਾਰੀਏ। ਸੋ, ਅੱਜ ਗੁਰੂ ਜੀ ਦੀ ਸੰਦੇਸ਼ ਅਤੇ ਵਿਚਾਰਧਾਰਾ ਨੂੰ ਸੰਸਾਰ ਚ ਅਪਣਾਉਣ ਦੀ ਸਖ਼ਤ ਜ਼ਰੂਰਤ ਹੈ।






ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ





# ਜਾਹਰ ਪੀਰ ਜਗਤੁ ਗੁਰੁ ਬਾਬਾ



**ਡਾ. ਪੂਰਨ ਸਿੰਘ**

ਗੁਰੂ ਨਾਨਕ ਸਾਹਿਬ ਜੀ ਸੰਸਾਰ ਅੰਦਰ ਲੋਕਾਈ ਦਾ ਉਧਾਰ ਕਰਨ ਲਈ ਆਏ। ਉਹ ਸਭਨਾ ਦੇ ਸਾਂਝੇ ਸਨ, ਉਹ ਜਿਥੇ ਵੀ ਗਏ ਉਨ੍ਹਾਂ ਨੇ ਸੱਚ ਦਾ ਉਪਦੇਸ਼ ਅਤੇ ਹਰ ਧਰਮ ਦੇ ਲੋਕਾਂ ਨੇ ਉਨ੍ਹਾਂ ਨੂੰ ਅਪਣਾਇਆ। ਗੁਰੂ ਨਾਨਕ ਦੇਵ ਜੀ ਜਦੋਂ ਇਸ ਜਗਤ ਵਿੱਚ ਆਏ ਤਾਂ ਇਹ ਉਹ ਸਮਾਂ ਸੀ ਜਦੋਂ ਭਾਰਤ ਅੰਦਰ ਜਨਤਾ ਕੁਰਲਾ ਰਹੀ ਸੀ ਅਤੇ ਧਰਮ ਸ਼ਰਮ ਅਲੋਪ ਹੋ ਚੁੱਕੀ ਸੀ। ਸਾਰੇ ਪਾਸੇ ਕੂੜ ਦਾ ਹੀ ਪਸਾਰਾ ਸੀ। ਰਾਜਨੀਤਕ, ਸਮਾਜਕ ਅਤੇ ਧਾਰਮਿਕ ਨੇਤਾਵਾਂ ਨੇ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਲਿਆ। ਇਸ ਦੀ ਗਵਾਹੀ ਗੁਰੂ ਨਾਨਕ ਸਾਹਿਬ ਦੀ ਰਚਨਾ ਅੰਦਰ ਮਿਲਦੀ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ
(ਪੰਨਾ 662)

ਮੁਗਲ ਹਕੂਮਤ ਦੀ ਸਥਾਪਨਾ ਤੋਂ ਪਹਿਲਾਂ ਬ੍ਰਾਹਮਣ ਤੇ ਜੋਗੀ ਲੋਕਾਂ ਨੂੰ ਧਾਰਮਿਕ ਨੇਤਾ ਸਮਝਿਆ ਜਾਂਦਾ ਤੇ ਇਹ ਲੋਕ ਵਿਹਲੜ ਸਨ ਅਤੇ ਲੋਕਾਂ ਦੀ ਕਿਰਤ ਕਮਾਈ ਦੇ ਆਸਰੇ ਮੌਜਾਂ ਲੁਟਦੇ ਸਨ। ਮੁਗਲ ਰਾਜ ਅੰਦਰ ਕਾਜ਼ੀ, ਧਾਰਮਿਕ ਨੇਤਾ ਅਤੇ ਨਿਆਕਾਰ ਦੇ ਪਦ ਦਾ ਅਧਿਕਾਰੀ ਸੀ ਅਤੇ ਉਹ ਵੀ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਜ਼ਿੰਮੇਵਾਰ ਸੀ। ਤਾਹੀਓਂ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ, ਤਿੰਨ ਤਰ੍ਹਾਂ ਦੇ ਨੇਤਾਵਾਂ ਨੂੰ ਭਾਰਤੀ ਸਮਾਜ ਦੀ ਲੁੱਟ-ਖਸੁੱਟ ਜਾਂ ਉਜਾੜਾ ਕਰਨ ਵਾਲੇ ਆਖਿਆ। ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਸੱਚੇ ਰੂਪ ਵਿਚ ਧਰਮੀ ਅਤੇ ਲੋਕਾਈ ਦੇ ਦਰਦੀ ਸਨ, ਜਿਨਾਂ ਨੇ ਮੁਗਲ ਰਾਜਿਆਂ ਤੋਂ ਕੋਈ ਭੈ ਨਹੀਂ ਖਾਧਾ। ?ਹ ਨਿਰਭੈ ਅਤੇ ਨਿਰਵੈਰ ਸਨ। ਅੱਜ ਵੀ ਇਹੀ ਕਸਵਟੀ ਅਪਨਾਈ ਜਾ ਸਕਦੀ ਹੈ ਕਿ ਜੋ ਧਾਰਮਿਕ ਨੇਤਾ ਜਾਂ ਵਿਅਕਤੀ ਹੋਣ ਦਾ ਢੌਂਗ ਕਰਦਾ ਹੋਵੇ, ਦੂਜੇ ਪਾਸੇ ਜ਼ੁਲਮ ਅਤੇ ਜਾਲਮ ਨੂੰ ਦੇਖਕੇ ਕਬੂਤਰ ਵਾਂਗੂੰ ਅੱਖਾਂ ਮੀਟ ਲਵੇ ਜਾਂ ਆਖ ਕਿ ਸੰਤ ਤੇ ਸਾਧ ਲੋਕਾਂ ਦਾ ਕੰਮ ਨਾਮ ਜਪਾਉਣਾ ਹੈ, ਤਾਂ ਸਾਨੂੰ ਅਜੇਹੇ ਲੋਕਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਅਸਲ ਵਿਚ ਧਰਮੀ ਪੁਰਸ਼ ਜਿਥੇ ਨਿਰਵੈਰ ਹੈ, ਉਸ ਦੇ ਨਾਲ ਉਹ ਕਿਸੇ ਪ੍ਰਕਾਰ ਦੇ ਜ਼ੁਲਮ ਤੋਂ ਭੈ ਨਹੀਂ ਖਾਦਾ, ਸਗੋਂ ਜ਼ੁਲਮ ਕਰਨ ਵਾਲੇ ਜ਼ਾਲਮ ਦੇ ਵਿਰੁੱਧ ਡੱਟ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਇਕ ਨਿਰੰਕਾਰ ਤੇ ਰੱਬੀ ਏਕਤਾ ਦੀ ਗੱਲ ਕੀਤੀ। ਉਹ ਦੁਨੀਆ ਦੇ ਪਹਿਲੇ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਪੈਗਾਮ ਦਿੱਤਾ 'ਨਾ ਕੋ ਹਿੰਦੂ ਨਾ ਮੁਸਲਮਾਨ' ਭਾਵ ਮਾਨਵਤਾ ਅੰਦਰ ਵੰਡੀਆਂ ਨਾ ਪਾਓ ਕਿਉਂਕਿ ਜੇ ਰੱਬ ਇਕ ਹੈ ਤਾਂ ਸਮੁੱਚੀ ਮਾਨਵਤਾ ਵੀ ਇਕ ਹੈ। ਉਨ੍ਹਾਂ ਨੇ ਰੱਬ ਦੀ ਬਹੁਤ ਸੁੰਦਰ ਵਿਆਖਿਆ ਕੀਤੀ। ਰੱਬ ਨਿਰੰਕਾਰ ਹੈ ਭਾਵ ਉਸ ਦਾ ਕੋਈ ਅਕਾਰ ਨਹੀਂ ਤੇ ਉਸ ਨੂੰ ਘੜਿਆ ਜਾ ਸਕਦਾ ਹੈ। ਉਹ ਕਦੀ ਵੀ ਇਨਸਾਨੀ ਰੂਪ ਵਿਚ ਜਨਮ ਨਹੀਂ ਲੈਂਦਾ।

ਸਾਧੂ ਟੀ ਐਲ ਵਾਸਵਾਨੀ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਆਏ, ਉਸ ਵਕਤ ਭਾਰਤੀ ਮਾਜ ਅੰਦਰ ਹਨੇਰਗਰਦੀ ਸੀ। ਇਕ ਹੋਰ ਵਿਦਵਾਨ ਡਾਕਟਰ ਗੋਕਲ ਚੰਦ ਨਾਰੰਗ ਆਖ ਰਹੇ ਹਨ ਕਿ ਪੰਜਾਬ ਵਿਚ ਹਿੰਦੂਆਂ ਦੀ ਸਥਿਤੀ ਤਰਸਯੋ ਸੀ। ਅਸਲ ਵਿਚ ਲੋਕ ਕੁਝ ਕਰਮ ਕਾਂਡਾਂ ਨੂੰ ਹੀ ਧਰਮ ਸਮਝਦੇ ਸਨ, ਜਿਵੇਂ ਖਾਣ ਪੀਣ ਸਬੰਧੀ ਭਰਮ, ਜਾਂ ਤੀਰਥਾਂ 'ਤੇ ਇਸ਼ਨਾਨ ਕਰਨਾ, ਮੱਥੇ 'ਤੇ ਤਿਲਕ ਲਗਾ ਲੈਣਾ, ਬੁੱਤਾਂ ਦੀ ਪੂਜੀ ਕਰਨੀ। ਕੁਝ ਅਸਥਾਨਾਂ ਨੂੰ ਪਵਿੱਤਰ ਮੰਨਕੇ ਤੀਰਥ ਯਾਤਰਾ ਕਰਨੀ, ਮਰਨ, ਜਨਮ ਤੇ ਵਿਆਹ ਸਬੰਧੀ ਰਮਸਾਂ ਕਰਨੀਆਂ ਅਤੇ ਬ੍ਰਾਹਮਣ ਦੀ ਸਰਦਾਰੀ ਕਬੂਲਕੇ ਉਸ ਨੂੰ ਦਾਨ ਦੇਣਾ ਵੀ ਪਵਿੱਤਰ ਕਰਮ ਸਮਝਿਆ ਜਾਂਦਾ ਸੀ। ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਨੇ ਲੋਕਾਂ ਦਾ ਜੀਵਨ ਨਰਕ ਬਣਾ ਦਿੱਤਾ ਸੀ ਤੇ ਲੋਕ ਮਾਨਸਿਕ ਤੌਰ 'ਤੇ ਗੁਲਾਮ ਸਨ।

ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਜਾਤ-ਪਾਤ ਤੇ ਵਰਣ ਵੰਡ ਨੂੰ ਭੰਡਿਆ। ਉਚ ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ।

ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
(ਪੰਨਾ 62)

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹ ਬਤਾਇ ॥
ਸਾ ਜਾਤਿ ਸਾਪਤਿ ਹੈ ਜੇਹੇ ਕਰਮ ਕਮਾਇ ॥
(ਪੰਨਾ 1330)

ਜਿਥੇ ਸਮਾਜ ਅੰਦਰ ਵਰਦ ਵੰਡ ਨਾਲ ਏਕਤਾ ਦੀ ਥਾਂ ਅਨੇਕਤਾ ਸੀ। ਉਥੇ ਲਿੰਗ ਵਿਤਕਰਾ ਵੀ ਪੂਰਾ ਸੀ। ਇਸਤਰੀ ਜਾਤੀ ਦੀ ਦੁਰਦਸ਼ਾ ਸੀ, ਉਸ ਨੂੰ ਸਮਾਜ ਵਿਚ ਨੀਵਾਂ ਦਰਜਾ ਦਿੱਤਾ ਗਿਆ ਸੀ ਅਤੇ ਅਨੇਕਾਂ ਅਧਿਕਾਰਾਂ ਤੋਂ ਵਾਂਝਾ ਕੀਤਾ ਗਿਆ ਸੀ। ਗੁਰੂ ਸਾਹਿਬ ਨੇ ਇਸਤਰੀ ਵਰਗ ਲਈ ਨਾਅਰਾ ਲਾਇਆ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। (ਪੰਨਾ 473)

ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਹੈ ਕਿ ਲੋਕਾਈ ਅੰਦਰ ਧਰਮ ਪ੍ਰਤੀ ਕੋਈ ਸਪੱਸ਼ਟਤਾ ਨਹੀਂ ਸੀ ਅਤੇ ਪੁਜਾਰੀ ਸ਼੍ਰੇਣੀ ਵੱਲੋਂ ਕਰਮ ਕਾਡਾਂ ਦਾ ਅਜਿਹਾ ਜਾਲ ਵਿਛਾਇਆ ਹੋਇਆ ਸੀ, ਜਿਸ ਵਿਚੋਂ ਨਿਕਲਣਾ ਅਸੰਭਵ ਸੀ। ਗੁਰੂ ਸਾਹਿਬ ਨੇ ਦੱਸਿਆ ਕਿ ਸਾਰੇ ਧਾਰਮਿਕ ਸੰਸਕਾਰ ਪਰਮਾਤਮਾ ਦੇ ਲਈ ਹਨ ਪਰ ਪਰਮਾਤਮਾ ਨੂੰ ਯਾਦ ਕਰਨਾ ਹੀ ਸਭ ਤੋਂ ਉਤਮ ਕਰਮ ਹੈ।

ਕਰਮ ਧਰਮ ਪ੍ਰਭਿ ਮੇਰੈ ਕੀਏ ॥
ਨਾਮ ਵਡਾਈ ਸਿਰਿ ਕਰਮਾ ਕੀਏ ॥ (ਪੰਨਾ 1345)

ਜੋ ਲੋਕ ਧਰਮ ਦੇ ਭੇਖ ਬਣਾ ਕੇ ਸਮਾਜ ਵਿਚ ਵਿਚਰਦੇ ਸਨ, ਉਹ ਅਸਲ ਵਿਚ ਸੱਚੇ ਧਰਮੀ ਨਹੀਂ। ਵਿਰਲੇ ਹੀ ਲੋਕ ਹਨ ਜੋ ਰੱਬੀ ਯਾਦ ਵਿਚ ਜੁੜਦੇ ਹਨ। ਜਿਹੜੇ ਧਰਮ ਦੇ ਭੇਖ ਅੰਦਰ ਹੰਕਾਰੀ ਹਨ, ਉਹ ਸੱਚ ਦੇ ਨੇੜੇ ਹੀਂ ਢੁੱਕ ਸਕਦੇ, ਪਰ ਜੇਕਰ ਹੰਕਾਰ ਦੂਰ ਹੋ ਜਾਵੇ ਤਾਂ ਸੱਚ ਦੀ ਪ੍ਰਾਪਤੀ ਹੋ ਸਦੀ ਹੈ।

ਹਉਮੈ ਕਰਤ ਭੇਖੀ ਨਹੀਂ ਜਾਨਿਆ ॥
ਗੁਰਮੁਤਿ ਭਗਤਿ ਵਿਰਲੇ ਮਨੁ ਮਾਨਿਆ ॥
ਹਉ ਹਉ ਕਰਤ ਨਹੀ ਸਚ ਪਾਇਐ।
ਹਉਮੇ ਜਾਇ ਪਰਮ ਪਦੁ ਪਾਇਐ। (ਪੰਨਾ 226)

ਗੁਰੂ ਸਾਹਿਬ ਵਾਰ ਆਸਾ ਅੰਦਰ ਸਚੇ ਜੀਵਨ ਜਾਂ ਸਚੇ ਮਾਰਗ ਲਈ ਹੋਰ ਸਪਸ਼ਟ ਕਰਦੇ ਹਨ।

ਸਭੁ ਕੋ ਆਖੈ ਆਪਣਾ
ਜਿਸੁ ਨਾਹੀ ਸੋ ਚੁਣਿਆ ਕਢੀਐ।
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥
ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤ ਗਾਰਬਿ ਹੰਢੀਐ ॥
ਮੰਦਾ ਕਿਸੇ ਨ ਆਖੀਐ
ਪੜਿ ਅਖਰੁ ਏਹੋ ਬੁਝੀਐ ॥
ਮੁਰਖੈ ਨਾਲਿ ਨ ਲੁਝੀਐ ॥ (ਪੰਨਾ 473)

ਗੁਰੂ ਸਾਹਿਬ ਲਕੋਈ ਨੂੰ ਪੁਜਾਰੀਆਂ ਦੇ ਕਰਮ ਕਾਂਡਾਂ ਤੋਂ ਮੁਕਤ ਕਰਾਉਣ ਲਈ ਸੱਚੇ ਧਰਮ ਦੀ ਅਿਵਾਖਿਆ ਦ੍ਰਿੜ ਕਰਾਈ। ਹਰ ਇਕ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਿਆ ਅਤੇ ਜੇਕਰ ਮਨੁੱਖ ਦਾ ਹਿਰਦਾ ਸ਼ੁੱਧ ਹੋ ਕੇ ਸ਼ੁਭ ਕਰਮ ਕਰੇ, ਉਹੀ ਸੱਚਾ ਧਰਮ ਹੈ ਬਾਕੀ ਕਰਮ ਕਾਂਡ ਸਭ ਪਾਖੰਡ ਹਨ ਅਤੇ ਅਜੇਹੇ ਕਰਮ ਕਰਨ ਦਾ ਕੋਈ ਲਾਹਾ ਨਹੀਂ।

ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ (ਪੰਨਾ 1343)

ਗੁਰੂ ਨਾਨਕ ਸਾਹਿਬ ਨੇ ਧਾਰਮਕ ਨੇਤਾਵਾਂ ਨਾਲ ਗੋਸ਼ਟੀ ਕਰਕੇ ਉਨ੍ਹਾਂ ਨੂੰ ਵੀ ਸੱਚੇ ਮਾਰਗ ਦੀ ਸੋਝੀ ਕਰਾਈ। ਜੋਗੀਆਂ ਨੂੰ ਜੋਗ ਬਾਰੇ ਵਿਚਾਰ ਚਰਚਾ ਕਰਕੇ ਸੱਚੇ ਜੋਗ ਦਾ ਮਾਰਗ ਦੱਸਿਆ। ਕਾਜੀ, ਬ੍ਰਾਹਮਣ ਤੇ ਮੁਸਲਮਾਨ ਨੂੰ ਘਰਮ ਦੇ ਮਾਰਗ ਦੀ ਸਪੱਸ਼ਟਤਾ ਦੱਸੀ।

ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥
ਗੁਰ ਪਰਸਾਦੀ ਜੀਵਤ ਮਰੈ ॥
ਸੋ ਬ੍ਰਾਹਮਣ ਜੋ ਬ੍ਰਾਹਮ ਬੀਚਾਰੈ ॥
ਆਪ ਤਰੈ ਸਗਲੇ ਕੁਲ ਤਾਰੈ ॥
ਦਾਨਬਸੰਦੁ ਸੋਈ ਦਿਲਿ ਧੋਵੈ ॥
ਮੁਸਲਮਾਨ ਸੋਈ ਮਲ ਖੋਵੈ ॥
ਪੜਿਆ ਬੂਝੇ ਸੋ ਪਰਵਾਣ ॥
ਜਿਸੁ ਸਿਰਿ ਦਰਗਹ ਕਾ ਨੀਸਾਣੁ ॥
(ਪੰਨਾ 662)

ਅੱਜ ਸਾਨੂੰ ਲੋੜ ਹੈ, ਗੁਰਮਤਿ ਦੇ ਸਹੀ ਮਾਰਗ ਨੂੰ ਸਮਝਕੇ ਆਪਣੇ ਜੀਵਨ ਤੇ ਘਟਾਈਐ। ਕਦੇ ਇਹ ਨਾ ਸਮਝ ਲਈਏ ਕਿ ਗੁਰੂ ਨਾਨਕ ਸਾਹਿਬ ਜੋਗੀਆਂ, ਕਾਜੀਆਂ, ਬਿਪਰ ਪੁਜਾਰੀਆਂ ਜਾਂ ਮੁਸਲਮਾਨਾਂ ਨੂੰ ਹੀ ਸੰਦੇਸ਼ ਦੇ ਰਹੇ ਹਨ, ਉਨ੍ਹਾਂ ਦਾ ਸੰਦਸ਼ ਸਰਬ ਲੋਕਾਈ ਲਈ ਹੈ। ਜਿਥੇ ਉਨ੍ਹਾਂ ਨੇ ਰੱਬੀ ਏਕਤਾ ਤੇ ਏਕਤ ਮਾਨਵਤਾ ਦੀ ਗੱਲ ਕੀਤੀ, ਉਥੇ ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣ ਦੇ ਉਚ ਸਿਧਾਂਤਾਂ ਨੂੰ ਪ੍ਰਚਾਰਿਆ। ਮਨੁੱਖਤਾ ਦੀ ਸੇਵਾ ਨੂੰ ਮਹਾਨ ਦੱਸਿਆ।

ਵਿਚ ਦੁਨੀਆ ਸੇਵ ਕਮਾਈਐ
ਤਾਂ ਦਰਗਹ ਬੈਸਣੁ ਪਾਈਐ ॥ (ਪੰਨਾ 26)

ਇਸ ਦੇ ਨਾਲ ਹੀ ਆਖਦੇ ਹਨ ਕਿ

ਬਿਨ ਸੇਵ ਫਲੁ ਕਬਹੁ ਨ ਪਾਵਸਿ,
ਸੇਵਾ ਕਰਨੀ ਸਾਰੀ ॥ (ਪੰਨਾ 992)

ਇਹ ਸ਼ੁਭ ਕਰਮ ਤਦ ਹੀ ਸੰਭਵ ਹਨ, ਜੇਕਰ ਅਸੀਂ ਉਸ ਰੱਬੀ ਜੋਤਿ ਨੂੰ ਘਟਿ ਘਟਿ ਵਿਚ ਦੇਖਾਂਗੇ ਅਤੇ ਆਪਣੇ ਅੰਦਰ ਹਉਮੈ ਨਾ ਹੋਵੇ ਅਤੇ ਮਿਠਾਸ ਤੇ ਨਿਮਰਤਾ ਦੇ ਗੁੱਣ ਭਰਪੂਰ ਹੋਵਣ। ਰੱਬੀ ਹੁਕਮ ਨੂੰ ਮੰਨ ਕੇ ਉਸ ਦੀ ਰਜ਼ਾ ਵਿਚ ਵਿਗਸੀਏ। ਸਮੂਹ ਸੰਸਾਰ ਅੰਦਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ, ਪਰ ਜਿਥੋਂ ਤੱਕ ਉਨ੍ਹਾਂ ਦੇ ਸੰਦੇਸ਼ ਹਨ, ਉਨ੍ਹਾਂ ਨੂੰ ਬਹੁਤ ਘੱਟ ਦ੍ਰਿੜ ਕੀਤਾ ਜਾਂਦਾ ਹੈ। ਆਓ, ਗੁਰੂ ਸਾਹਿਬ ਦੇ ਮਹਾਨ ਫਲਸਫ਼ੇ ਨੂੰ ਖ਼ੁਦ ਅਪਨਾਈਏ ਤੇ ਸਮੂਹ ਲੋਕਾਈ ਨੂੰ ਉਨ੍ਹਾਂ ਦੇ ਮਹਾਨ ਉਪਦੇਸ਼ਾਂ ਤੋਂ ਜਾਣੂੰ ਕਰਾਈਏ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਮੌਕੇ ਬਗੈਰ ਵਾਤਾਵਰਣ ਨੂੰ ਪ੍ਰਦੂਸ਼ਤ ਕੀਤੇ ਬਿਨਾ, ਬਗੈਰ ਕਿਸੇ ਆਤਸ਼ਬਾਜ਼ੀ, ਪਟਾਕੇ ਚਲਾਏ ਬਗੈਰ ਸਹਿਜ ਪਾਠ ਕਰਕੇ ਅਤੇ ਨਿਰਭਊ ਅਤੇ ਨਿਰਵੈਰ ਹੋ ਕੇ ਮਨਾਈਏ ਨਾ ਕੇ ਸੰਸਾਰ ਨੂੰ ਪ੍ਰਦੂਸ਼ਤ ਕਰਕੇ ਅਤੇ ਨਾ ਹੀ ਉਨ੍ਹਾਂ ਲੋਕਾਂ ਤੰਗ ਕਰਕੇ ਜਿਨ੍ਹਾਂ ਨੂੰ ਅਸਥਮਾ ਹੈ ਜਾਂ ਜਿਨ੍ਹਾਂ ਲੋਕਾਂ ਨੇ ਸਵੇਰੇ ਸਮੇਂ ਕੰਮਾਂ 'ਤੇ ਜਾਂ ਸਕੂਲ ਯੂਨੀਵਰਸਟੀਆਂ ਵਿੱਚ ਜਾਣਾ ਹੁੰਦਾ ਹੈ।

# ਭਾਈ ਜੇਠਾ ਜੀ



1 ਨਿੱਕਾ ਜਿਹਾ ਬਾਲ ਡਿੱਠਾ ਗਲੀਆਂ ਵਿਚ ਘੁੰਘਣੀਆਂ ਵੇਚੇ
ਸਤਿਨਾਮ, ਸਤਿਨਾਮ, ਸਤਿਨਾਮ ਗਾਂਵਦਾ।
2. ਰੋਜ਼ ਦਾ ਵਿਹਾਰ ਇਹੋ ਛੱਬਾ ਲੈ ਕੇ ਘੁੰਘਣੀਆਂ ਦਾ,
ਮਿੱਠੇ 2 ਬੋਲਾਂ ਨਾਲ ਸਭ ਨੂੰ ਅਲਾਂਵਦਾ
3. ਲੈ ਲੋ ਭਈ ਘੁੰਘਣੀਟਾਂ ਲੈ ਲੋ ਭਈ ਘੁੰਘਣੀਆਂ
ਤਾਜ਼ੀਆਂ ਕਰਾਰੀਆਂ, ਗਰਮੋਂ ਗਰਮ ਲਿਆਂਵਦਾ
4. ਭੋਲੀ ਭਾਲੀ ਸੂਰਤ ਉਤੇ ਨੂਰ ਇਲਾਹੀ ਦਿੱਸੇ
ਰਸਨਾ ਤੋਂ ਮਿੱਠੀ ਹੇਕ, ਛੋਲਿਆਂ ਦੀ ਲਾਂਵਦਾ
ਗਾਹਕ ਪ੍ਰਸੰਨ ਜਾਂਦੇ, ਬਾਲ ਆਨੰਦ ਜਾਂਦੇ,
ਆਦਰ ਦੇ ਨਾਲ ਜਦ ਸਭ ਨੂੰ ਬੁਲਾਂਵਦਾ
ਭੀੜ ਰਹਿੰਦੀ ਛੱਬੇ ਦੁਆਲੇ ਜਿਤਨੀ ਕੋਈ ਮਰਜ਼ੀ ਪੁਆ ਲਏ,
ਗਰੀਬ ਤੇ ਮੁਥਾਜ ਤਾਈ ਮੁਫਤ ਲਟਾਂਵਦਾ
ਪੈਸੇ ਧੇਲੇ ਵਾਲੇ ਖਾਂਦੇ ਸੁਆਦੀ ਸੁਆਦੀ ਘੁੰਘਣੀਆਂ ਨੂੰ
ਸਾਧ ਤੇ ਫਕੀਰ ਤਾਈਂ ਰੱਜ ਕੇ ਖੁਵਾਂਵਦਾ
ਥੋੜ ਖੱਟੀ ਬਹੁਤ ਬ੍ਰਕਤ, ਸਬਰ ਤੇ ਸੰਤੋਖ ਨਾਲ
ਬਚਪਨ ਦੇ ਦਿਨ ਸੀ ਉਹ ਸੁੰਦਰ ਲੰਘਾਵਦਾ
ਇੱਕ ਦਿਨ ਇੱਕ ਸਤ ਆ ਗਿਆ ਸਵੇਰੇ ਵੇਲੇ,
ਭਰਿਆ ਹੋਇਆ ਛੱਬਾ ਪਹਿਲਾਂ ਤੋਂ ਲਹਾਂਵਦਾ
10. ਆਖਦਾ ਤੂੰ ਕੌਣ ਹੈਂ ਬੀਬਾ ਅਤੇ ਕੀ ਹੈ
ਨਾਮ ਤੇਰਾ ਕਿਥੇ ਦਾ ਜਨਮ ਅਤੇ ਕੀ ਤੂੰ ਕਮਾਂਵਦਾ।



11. ਜਾਤ ਦਾ ਮੈਂ ਸੋਢੀ ਬਾਵਾ ਜੇਠਾ ਹੈ ਨ ਮ ਮੇਰਾ,
ਲਾਹੌਰ ਦੇ ਸ਼ਹਿਰ ਅੰਦਰ ਜਨਮ ਹਾਂ ਪਾਵਦਾ।
12. ਮਾਂ ਪਿਓ ਨੇ ਸੱਚ ਖੰਡ ਸਿਧਾਰੇ ਬਾਸਰਕੇ (ਬਾਪੂ) ਪਿਆਰੇ.
ਇਨ੍ਹਾਂ ਦੇ ਕੋਲ ਆ ਕੇ ਦਿਨ ਹਾਂ ਬਿਤਾਂਵਦਾ।
13. ਇਹ ਵੀ ਨੇ ਬ੍ਰਿਧ ਅਵਸਥਾ ਰੋਜੀ ਦਾ ਹੀਲਾ ਸਸਤਾ,
ਦੱਸਿਆ ਬਾਪੂ ਜੀ ਮੈਂ ਤਾਂ ਹੁਕਮ ਬੁਜਾਂਵਦਾ।
14. ਸੰਤ ਜੀ ਮੱਥਾ ਡਿੱਠਾ ਮੱਥੇ ਤੇ ਨੂਰ ਡਿੱਠਾ,
ਹੋਇ ਕੇ ਅਸਚਰਜ ਬੁਕ ਛੱਬੇ ਵਲ ਵਧਾਂਵਦਾ।
15. ਆਖਦਾ ਮੈਨੂੰ ਭੁੱਖ ਸਿਤਾਇਆ ਰਾਤ ਦਾ ਅੰਨ ਨਹੀਂ
ਖਾਇਆ- ਗਰਮ ੨ ਘੁੰ ਘਣੀਆਂ ਨੂੰ ਦਿਲ ਲਲਚਾਂਵਦਾ।
16. ਪਰ ਬੂਹਣੀ ਤੁਸੀਂ ਨਹੀਂ ਕੀਤੀ ਮਾਇਆ ਮੈਂ ਹੱਥ ਨਹੀ ਲੀਤੀ,
ਹੋ ਜਾ ਦਿਆਲ ਬਾਵਾ ਸੰਤ ਹੈ ਅਲਾਂਵਦਾ।
17. ਧੰਨ ਭਾਗ ਆਖ ਕੇ ਤੇ ਸਤਿਮਾਨ ਆਖ ਕੇ ਤੇ,
ਛੋਟੇ ੨ ਬੁੱਕਾ ਨਾਲ ਸਾਧ ਨੂੰ ਰਜਾਂਵਦਾ।
18. ਇਕ ਦੇ ਤਿੰਨ ਚਾਰ ਪੰਜਾ ਛੇ ਸੰਤ ਵਾਰ
ਹੋਏ ਕੇ ਅਨੰਦ ਸੰਤ ਰੱਜ ੨ ਖਾਂਵਦਾ।.
19. ਜਦ ਤੀਕ ਦਾਣਾ ਇਕ ਆਵਦਾ ਨਜਰ ਰਿਹਾ,
ਉਨਾਂ ਚਿਰ ਸਾਧ ਹੋਰ ੨ ਕਰੀ ਜਾਂਵਦੀ।
20. ਜਿਉਂ ੨ ਸੰਤ ਖਾਵੇ ਜੇਠੇ ਦਾ ਮਨ ਹਰ ਖਾਵੇ,
ਵਾਹਿਗੁਰੂ ਦਾ ਸ਼ੁਕਰ ਬਾਰ ੨ ਹੈ ਮਨਾਂਵਦਾ।
21. ਧੰਨ ਭਾਗ ਮੇਰੇ ਜੇਕਰ ਭੁੱਖਾ ਇਕ ਰੱਜ ਜਾਵੇ,
ਦਿਲ ਉਤਸ਼ਾਹ ਨਾਲ ਘੁੰ ਘਣੀਆਂ ਛਕਾਂਵਦਾ।
22. ਹੋਏ ਪ੍ਰਸੰਨ ਸੰਤ ਦਿਤੀ ਹੈ ਅਸੀਸ ਰੱਜ,
ਤੇਰੇ ਕੋਲੋਂ ਸੋਢੀ ਬਾਵਾ ਜਗ ਵਰਸਾਂਵਦਾ।
23. ਉਠਿਆ ਫਿਰ ਸਾਧ ਉਥੋਂ ਹੋ ਗਿਆ ਅਲੋਪ ਕਿਤੇ,
ਕਿਸੇ ਨੂੰ ਨਾ ਪਤਾ ਲਗਾ ਕਿਹੜੇ ਪਾਸੇ ਜਾਂਵਦਾ।
24. ਸਾਂਭ ਕੇ ਰੁਮਾਲ ਛੱਬਾ ਟੁਰ ਪਏ ਨੇ ਘਰ ਨੂੰ ਖਾਲੀ,
ਨਾਨੇ ਨੇ ਡਿੱਠਾ ਛੇਤੀ ਘਰ ਵਲ ਆਂਵਦਾ।
25. ਕਾਹਲੀ ਨਾਲੇ ਪੁਛਿਆ ਨਾਨੇ ਕਿਤਨੇ ਕਮਾਏ ਆਨੇ,
ਕੀ ਗਲ ਅਜ ਕਿਉਂ ਭੇਦ ਨਹੀਂ ਬਤਾਂਵਦਾ।
26 ਅਗੋਂ ਕਿਹਾ ਬਾਲ ਭੁੱਲੇ ਹੋਰ ਉਬਾਲੇ ਛੱਲੇ,
ਭੁੱਖਾ ਸੀ ਸਾਧ ਆਇਆ ਉਸਨੂੰ ਛਕਾਂਵਦਾ।
27. ਹੋਏ ਕੇ ਪ੍ਰਸੰਨ ਦਿਤੀਆਂ, ਰੱਜ ਕੇ ਅਸੀਸਾਂ ਮੈਨੂੰ,
ਭੁੱਖਾ ਸੀ ਉਹ ਰਾਤ ਦਾ ਗਿਆ ਗੁਣ ਗਾਂਵਦਾ।
28. ਵੱਟ ਕੇ ਚਪੇੜ ਮਾਰੀ ਹੋਈ ਅਜ ਹਾਨੀ ਭਾਰੀ,
ਲਾਭ ਰਿਹਾ ਇਕ ਪਾਸੇ ਮੂਲ ਹੀ ਗਵਾਂਵਦਾ।
29. ਹੋਇ ਕੇ ਹੈਰਾਨ ਡਿੱਗਾ ਅੱਖਾਂ ਵਿਚੋਂ ਹੰਝੂ ਆਏ,
ਮਨ ਵਿਚ ਵਿਚਾਰ ਕੀਤੀ ਇਥੇ ਮੈਂ ਨਹੀਂ ਰਹਿੰਵਦਾ।
30. ਜਿਸ ਗਲ ਨਾਲ ਮਨ ਮੇਰਾ ਪ੍ਰਸੰਨ ਹੋਵੇ,
ਪਤਾ ਨਹੀਂ ਬਾਪੂ ਤਾਈਂ ਕਿਉਂ ਨਹੀਂ ਭਾਵਦਾ।
31. ਹੋਇਆ ਕੀ ਜੇ ਇਕ ਦਿਨ ਛਕ ਗਿਆ ਭੁਖਾ ਸਾਧ,
ਲਾਭ ਵਾਲਾ ਦਿਨ ਤਾਂ ਹੈ ਰੋਜ਼ ਰੋਜ਼ ਆਂਵਦਾ।
32. ਰੁਸ ਕੇ ਤੇ ਘਰੋਂ ਤੁਰ ਜਾ ਕੇ ਪੁਜੇ ਗੋਇੰਦਵਾਲ,
ਜਿਥੇ ਅਮਰ ਦਾਸ ਜੱਗ ਸੀ ਕਰਾਂਵਦਾ।
33. ਲੱਗਾ ਸੀ ਮੇਲਾ ਭਾਰਾ ਵੇਖ ਮਨ ਲਿਆ ਹੁਲਾਰਾ,
ਪਹਿਲਾਂ ਜਾ ਸਤਿਗੁਰ ਤਾਈਂ ਸੀਸ ਹੈ ਨਿਵਾਂਵਦਾ
34. ਵੇਚਦੇ ਸਨ ਛੱਲੇ ਜੋ, ਕਹਿਆ ਜਾਕੇ ਬਾਲ ਭੋਲੇ ਮੈਨੂੰ ਵੀ ਰਲਾ ਲਓ ਨਾਲੇ,
ਮੈਂ ਛੱਲੇ ਵੇਚਣ ਜਾਣਦਾ।
35. ਕਰ ਲਈ ਫਿਰ ਭਾਈਵਾਲੀ ਤੁਰ ਪਏ ਦੁਨੀ ਦੇ ਵਾਲੀ,
ਖੁਸ਼ੀ ਖੁਸ਼ੀ ਛੋਲਿਆਂ ਦੀ ਹੱਕਾਂ ਫਿਰੋ ਲਾਂਵਦਾ।
36. ਇਥੋਂ ਕਮਾ ਕੇ ਮਾਇਆ ਲੈ ਜਾਊਂ ਬਾਪੂ ਕੋਲ. ਮੰਗ ਲਊ ਮੁਆਫੀ,
ਆਖੂੰ ਫਿਰ ਮੈਂ ਨਹੀਂ ਜਾਂਵਦ।
37. ਵੇਖ ਕੇ ਕਮਾਈ ਬਾਪੂ ਭੁਲ ਜਾਊ ਗਲਤੀ ਮੇਰੀ, ਖੁਸ਼ੀ ਖੁਸ਼ੀ ਘੁੰਘਣੀਆਂ ਦੇ ਪਿਆ ਗੁਣ ਗਾਂਵਦਾ।
38. ਸੂਰਤ ਸੀ ਰੱਬ ਪਿਆਰੀ, ਬੋਲੀ ਸੀ ਅਜਬ ਨਿਆਰੀ,
ਪੂਰਾ ਪੂਰਾ ਤੋਲਦਾ ਤੇ ਸੱਚੋ ਸੱਚ ਅਲਾਵਦਾ।
39. ਵਿਕਰੀ ਕਮਾਲ ਦੀ, ਅੱਧੀ ਭਾਈਵਾਲ ਦੀ, ਆਪ ਵੀ ਤਰਿਆ ਨਾਲੇ ਹੋਰਾਂ ਨੂੰ ਤਰਾਵਦਾ।
40. ਭਾਗਾਂ ਵਾਲਾ ਦਿਨ ਆਇਆ ਛੱਬੇ ਨੂੰ ਵੀ ਸਿਰ ਤੇ ਚਾਇਆ, ਦੇਂਵਦਾ ਅਵਾਜਾਂ, ਡੇਰੇ ਗੁਰੂ ਵਾਲੇ ਆਂਵਦਾ।
41. ਲੱਗਾ ਦਰਬਾਰ ਸੀਗਾ, ਹੋਵਦਾ ਵੀਚਾਰ ਸੀਗਾ, ਭਾਨੀ ਲਈ ਵਰ ਕੌਣ ਟੋਲ ਕੇ ਲਿਆਂਵਦਾ
42. ਪੁਛਿਆ ਮਸੰਦ ਇਕ. ਮਾਤਾ ਹਰ ਕੌਰ ਕੋਲੋਂ. ਜਿਹੋ ਜਿਹਾ ਵਰ ਆਖੋਂ, ਟੋਲ ਮੈਂ ਲਿਆਂਵਦਾ।
43. ਬੂਹੇ ਅੱਗੇ ਜੇਠਾ ਡਿੱਠਾ ਕਰਕੇ ਇਸ਼ਾਰਾ ਬੋਲੀ, ਏਹੋ ਜਿਹਾ ਵਰ ਮੈਨੂੰ, ਭਾਨੀ ਲਈ ਭਾਂਵਦਾ।
44. ਨਿਮਾਣਿਆਂ ਦੇ ਮਾਨ ਬੋਲੇ, ਨਿਤਾਣਿਆਂ ਦੇ ਤਾਨ ਬੋਲੇ,
ਇਕ ਜਿਹਾ ਦੂਜਾ ਕਦੇ. ਜੱਗ ਤੇ ਨਹ* ਆਂਵਦਾ।
46. ਆ ਜਾ ਓ ਛੱਬੇ ਵਾਲੇ, ਤੇ ਬਹਿ ਜਾ ਤੂੰ ਹੁਣ ਵਿਚਾਲੇ,
ਉੱਠੋ ਬਾਬਾ ਬੁੱਢਾ, ਤਿਲਕ ਕਿਉਂ ਨਹੀਂ ਤੂੰ ਲਾਂਵਦਾ
46. ਸੰਗਤਾਂ ਹੈਰਾਨ ਹੋਈਆਂ, ਬੜੀ ਪਰੇਸ਼ਾਨ ਹੋਈਆਂ,
ਨਿਆਸਰਿਆਂ ਦਾ ਆਸਰਾ, ਖੋਲ ਕੀ ਰਚਾਵਦਾ।
47. ਆਗਿਆ ਨੂੰ ਪਾਲ ਕੇ ਤੇ ਬੁਢਾ ਜੀ ਉਠ ਖਲੋਤੇ, ਲੈਕੇ ਤੇ ਕੇਸਰ ਮੱਥੇ ਤਿਲਕ ਲਗਾਂਵਦਾ।
48. @ਜੇਠਾ@ ਪਿਆ ਤਿਲਕ ਲਗਵਾਵੇ, ਚਰਨਾਂ ਤੋਂ ਬਲ ਬਲ ਜਾਵੇ। ਮੇਰਾ ਦਾਤਾਰ ਮੈਨੂੰ ਭਾਰ ਹੈ ਚੁਕਾਂਵਦਾ
49. ਇਹੋ ਭਾਈ ਜੇਠਾ ਜਿਹੜਾ ਘੁੰ ਘਣੀਆਂ ਸੀ ਵੇਚਦਾ ਹੁਣ, ਗੁਰੂ ਦਾ ਜਵਾਈ ਬਣ, ਮਾਨ ਪਿਆ ਪਾਂਵਦਾ।
50. ਸੇਵਾ ਨਿਸ਼ਕਾਮ ਕਰਕੇ, ਪਾਸ ਇਮਤਿਹਾਨ ਕਰਕੇ, ਸੋਢੀ ਸੁਲਤਾਨ ਵਾਲੀ ਪਦਵੀ ਨੂੰ ਪਾਂਵਦਾ।
51. ਸ੍ਰੀ ਗੁਰੂ ਰਾਮ ਦਾਸ. ਸੋਢੀ ਸੱਚੇ ਪਾਤਸ਼ਾਹ ਜੀ, ਧੰਨ ਗੁਰੂ ਆਪ ਜੱਗ ਸੀਸ ਨਿਵਾਂਵਦਾ।
52. ਭੁੱਖੇ ਨੂੰ ਖਵਾ ਕੇ ਛਲ, ਨਿਕੇ ਜਿਹੇ ਬਾਲ਼ ਭੋਲੇ, ਫਲ ਵੇਖੋ ਕਿਹੋ ਜਿਹਾ ਅਜ ਪਾਈ ਜਾਂਵਦਾ।
53. ਇਸੇ ਲਈ ਰਬ ਕਹਿੰਦਾ, ਬੰਦੇ ਨੂੰ ਪਿਆਰਿਆਓ, ਤੂੰ ਬਣ ਬੰਦੇ ਦਾ, ਮੈਂ ਤੇਰਾ ਬਣ ਜਾਂਵਦਾ

# ਗੁਰੂ ਨਾਨਕ ਸਾਹਿਬ ਜੀ ਨਿਰਮਲ ਪੰਥ ਦੇ ਬਾਨੀ

ਅੱਜ ਸਾਜਸ਼ ਨੀਤੀਆਂ ਦੁਆਰਾ ਇਸ ਤੱਥ ਨੂੰ ਝੂਠਾ ਦੱਸਣ ਦਾ ਜਤਨ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੋਈ ਵਿਲੱਖਣ ਸਿਧਾਂਤਾਂ ਨੂੰ ਜਨਮ ਦਿੱਤਾ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਇੰਨਕਲਾਬ ਦੀ ਨੀਂਹ ਰੱਖੀ ਅਤੇ ਉਸ ਸਮੇਂ ਦੇ ਪ੍ਰਚਲਤ ਧਰਮ ਦੀਆਂ ਪ੍ਰੰਪਰਾਵਾਂ ਨੂੰ ਰੱਦ ਕਰ ਦਿੱਤਾ। ਸਾਜ਼ਸ਼ਕਾਰੀਆਂ ਤੋਂ ਇਲਾਵਾ ਕੁਝ ਉਹ ਲਿਖਾਰੀ ਵੀ ਹਨ ਜੋ ਅਗਿਆਨਤਾ ਕਾਰਨ ਲਿਖ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮ ਧਰਮਾਂ ਦੇ ਚੰਗੇ ਗੁਣਾਂ ਨੂੰ ਅਪਨਾਇਆ। ਇਸ ਪਰਥਾਏ ਡਾਕਟਰ ਤਾਰਨ ਸਿੰਘ ਲਿਖਦੇ ਹਨ ਇਹ ਠੀਕ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਕਈ ਪੱਥ ਵੇਦਾਂ, ਉਪਨਿਸ਼ਦਾਂ ਦੀ ਪ੍ਰੰਪਰਾ ਵਿਚ ਵੇਖੇ ਜਾ ਸਕਦੇ ਹਨ, ਪਰ ਸਿੱਖ ਧਰਮ ਨੇ ਇਕ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਸਨੂੰ ਪਾਪ੍ਰਤ ਕਰਨ ਦਾ ਨਵਾਂ ਰਾਹ ਦੱਸਿਆ।

ਇਹ ਆਖਣਾ ਅਤੇ ਪ੍ਰਵਾਨ ਕਰਨਾ ਪਵੇਗਾ ਕਿ ਗੁਰੂ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ। ਜੋ ਗੁਰੂ ਗੋਬਿੰਦ ਸਿੰਘ ਸਮੇਂ ਖਾਲਸਾ ਪੰਥ ਬਣਿਆ। ਗੁਰੂ ਨਾਨਕ ਦੇਵ ਜੀ ਨੇ ਮਹਾਨ ਗੁਰਮਤਿ ਸੰਦੇਸ਼ ਦੁਆਰਾ ਸਮਾਜ ਅੰਦਰ ਪ੍ਰੀਵਰਤਨ ਲਿਆਂਦਾ ਜਿਨ੍ਹਾਂ ਕਰਕੇ ਹਿੰਦੂ ਤੇ ਇਸਲਾਮ ਧਰਮਾਂ ਉਪਰ ਵੀ ਅਸਰ ਹੋਇਆ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਸਮਾਜ ਦੇ ਸਭ ਵਰਗਾਂ ਦੇ ਲੋਕਾਂ ਹਰਮਨ ਪਿਆਰੀ ਹੋਈ। ਹਰ ਧਰਮ ਨੇ ਉਨ੍ਹਾਂ ਨੂੰ ਆਪਣਾ ਰਹਿਬਰ ਤਸਲੀਮ ਕੀਤਾ ਤੇ ਪੂਰਾ ਸਤਿਕਾਰ ਦਿੱਤਾ। ਇਹ ਲੋਕ ਬੋਲੀ ਇਸ ਤੱਥ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਗਵਾਹੀ ਭਰਦੀ ਹੈ, ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਮ ਕਾ ਪੀਰ। ਭਾਈ ਗੁਰਦਾਸ ਜੀ ਦੀ ਲਿਖਤ ਵੀ ਦੱਸ ਰਹੀ ਹੈ ,ਘਰ ਘਰ ਬਾਬਾ ਪੂਜੀਏ
ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ
ਚੜਿਆ ਸੂਰਜ ਜਗ ਰੁਸ਼ਨਾਈ॥

ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਅਸਥਾਨ ਤੇ ਤਿੰਨ ਦਿਨ ਅਲੋਪ ਰਹਿਣ ਪਿਛੋਂ ਲੋਕਾਂ ਨੂੰ ਐਲਾਨ ਕਰ ਦਿੱਤਾ ਕਿ ਰੱਬੀ ਹੁਕਮ ਹੈ ਕਿ 'ਨਾ ਕੋਈ ਹਿੰਦੂ , ਨਾ ਕੋਈ ਮੁਸਲਮਾਨ' ਭਾਵ ਇੱਕ ਰੱਬ ਦੇ ਪੁੱਤਰਾਂ ਵਿਚ ਵੰਡੀਆਂ ਨਹੀਂ ਪੈ ਸਕਦੀਆਂ। ਇਹ ਉਸ ਕਾਲ ਅੰਦਰ ਇਕ ਮਹਾਨ ਤੇ ਵਿਲੱਖਣ ਸਿਧਾਂਤ ਸੀ ਅਤੇ ਖੇਰੂੰ ਖੇਰੂ ਹੋਏ ਸਮਾਜ ਲਈ ਅਤਿ ਲੋੜੀਂਦਾ ਸੀ। ਮੁਸਲਮਾਨ ਵਿਦਵਾਨ ਪ੍ਰੋਫੈਸਰ ਮੁਜ਼ੀਬ ਦਾ ਨਿਰਣਾ ਸਪਸ਼ਟ ਹੈ ਜੋ ਆਖ ਰਹੇ ਹਨ ਸ਼ਾਇਦ ਇਕ ਮੁਸਲਮਾਨ ਦਾ ਆਖਣਾ ਅਜ਼ੀਬ ਲਗੇਗਾ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਤੋਂ ਪ੍ਰਭਾਵਿਤ ਨਹੀਂ ਸਨ। ਡਾਕਟਰ ਏਬੈਨਰਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਪ੍ਰੰਪਰਾ ਦਾ ਅਧਿਐਨ ਅਤੇ ਚਿਤ੍ਰਣ ਪੇਸ਼ ਕਰਦੇ ਹੋਏ ਵੀ ਇਕ ਨਵੇਂ ਅਤੇ ਨਿਰਾਲੇ ਮਤ ਦੇ ਬਾਨੀ ਸਨ, ਜੋ ਗੁਰਮਤਿ ਅਤੇ ਉਸਨੂੰ ਮੰਨਣ ਵਾਲਿਆਂ ਲਈ ਸਿੱਖ ਮਤ ਦੇ ਨਾਂ ਨਾਲ ਸਥਾਪਤ ਹੋਇਆ। ਇਸ ਵਿਲੱਖਣ ਮਤ ਦਾ ਸੰਕੇਤ ਗੁਰੂ ਨਾਨਕ ਦੇਵ ਜੀ ਦੇ ਜੋਗੀਆਂ ਨਾਲ ਸੰਵਾਦ ਨੂੰ ਭਾਈ ਗੁਰਦਾਸ ਜੀ ਨੇ ਵਰਨਣ ਕੀਤਾ ਹੈ,

ਜਦੋਂ ਗੁਰੂ ਨਾਨਕ ਦੇਵ ਜੀ ਦਾ (1469 ਡ।ਥ) ਵਿਚ ਆਗਮਨ ਹੋਇਆ, ਉਸ ਵੇਲੇ ਉੱਤਰੀ ਭਾਰਤ ਵਿਚ, ਸਗੋਂ ਦੱਖਣ ਵਿਚ ਵੀ ਇਸਲਾਮੀ ਰਾਜ ਸਥਾਪਤ ਹੋ ਚੁੱਕਾ ਸੀ। ਭਾਰਤੀ ਸਮਾਜ ਦੀ ਦਸ਼ਾ ਨੂੰ ਉਨ੍ਹਾਂ ਨੇ ਆਪਣੀ ਕਲਮ ਦੁਆਰਾ ਇਸ ਤਰ੍ਹਾਂ ਚਿਤਰਿਆ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ
ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥

ਗੁਰੂ ਸਾਹਿਬ ਨੇ ਸਮਾਜ ਦਾ ਚਿੱਤਰ ਖਿੱਚਣ ਲੱਗਿਆਂ, ਕੋਈ ਕਾਵਿ ਕਲਪਨਾ ਨਹੀਂ ਕੀਤੀ, ਸਗੋਂ ਅਸਲੀਅਤ ਨੂੰ ਨਿਧੱੜਕ ਹੋਕੇ ਵਰਨਣ ਕੀਤਾ। ਇਸਦੇ ਨਾਲ ਹੀ ਸਮਾਜ ਦੇ ਮੁੱਖ ਆਗੂਆਂ ਦੀ ਕਾਰਗੁਜਾਰੀ ਦੀ ਚੀਰ ਫਾੜ ਕੀਤੀ ਕਿ ਉਨ੍ਹਾਂ ਵਲੋਂ ਸਮੁੱਚੇ ਸਮਾਜ ਦਾ ਉਜਾੜਾ ਕੀਤਾ ਗਿਆ;

ਕਾਦੀ ਕੂੜੁ ਬੋਲਿ ਮਲੁ ਖਾਇ ॥ਬ੍ਰਾਹਮਣੁ ਨਾਵੈ ਜੀਆ ਘਾਇ ॥ਜੋਗੀ ਜੁਗਤਿ ਨ ਜਾਣੈ ਅੰਧੁ ॥ਤੀਨੇ ਓਜਾੜੇ ਕਾ ਬੰਧੁ ॥

ਇਸਤੋਂ ਇਲਾਵਾ ਵਿਦੇਸ਼ੀ ਹਮਲਾਵਰ ਬਾਬਰ ਨੂੰ ਜਾਬਰ ਆਖਣਾ ਜਾਂ ਉਸਦੀ ਫੌਜ਼ ਨੂੰ ਪਾਪ ਦੀ ਜੰਞ ਦਸਣਾ ਕਮਾਲ ਦੀ ਦਲੇਰੀ ਸੀ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਸਮਾਜ ਅੰਦਰ ਜਾਤ-ਵਰਣ ਦੀ ਬੀਮਾਰੀ ਪੂਰੇ ਜੋਰਾਂ ਸ਼ੋਰਾਂ ਤੇ ਸੀ ਅਤੇ ਇਹ ਜਾਤ-ਪਾਤ ਪ੍ਰਣਾਲੀ ਹਿੰਦੂ ਧਰਮ ਦੇ ਕੰਮ ਸਮਝੇ ਜਾਂਦੇ ਸਨ ਅਤੇ ਇਸ ਜਾਤ-ਪਾਤ ਵੰਡ ਵਿਚ ਬ੍ਰਾਹਮਣ ਨੇ ਆਪ ਨੂੰ ਸਭ ਤੋਂ ਉੱਚਾ ਮੰਨਿਆ ਹੈ। ਜਿਥੇ ਮੁਗਲ ਜਾਂ ਇਸਲਾਮ ਧਰਮ ਵਲੋਂ ਹਿੰਦੂਆਂ ਨੂੰ ਕਾਫਰ ਆਖਕੇ ਜੁਲਮ ਤੇ ਅਤਿਆਚਾਰ ਹੋ ਰਿਹਾ ਸੀ, ਉਥੇ ਪੁਜਾਰੀ ਸ਼੍ਰੇਣੀ ਬ੍ਰਾਹਮਣ ਵਲੋਂ ਨੀਵੀਆਂ ਜਾਤਾਂ ਉਪਰ ਘੋਰ ਜ਼ੁਲਮ ਕੀਤਾ ਜਾਂਦਾ ਸੀ। ਸਮਾਜ ਦੇ ਅਨੇਕਾਂ ਤਪੀ ਤੇ ਸਿਧ ਅਖਵਾਉਣ ਵਾਲੇ ਲੋਕ ਪਹਾੜਾਂ ਤੇ ਸਮਾਧੀਆਂ ਲਗਾਕੇ ਤਪ ਕਰਨ ਨੂੰ ਧਰਮ ਸਮਝੀ ਬੈਠੇ ਸਨ ਅਤੇ ਸਮਾਜ ਸੁਧਾਰ ਦੀਆਂ ਜ਼ਿੰਮੇਵਾਰੀਆਂ ਤੋਂ ਲਾਂਭੇ ਹੋਕੇ ਛੁਪੇ ਬੈਠੇ ਸਨ। ਭਾਈ ਗੁਰਦਾਸ ਜੀ ਨੇ ਗੁਰੂ ਜੀ ਵਲੋਂ ਆਖੇ ਬੋਲਾਂ ਨੂੰ ਕਲਮ ਬੰਦ ਕੀਤਾ ਗਿਆ ਹੈ,

ਸਿਧ ਛਪ ਬੈਠੇ ਪਰਬਤੀਂ ਕੌਣ
ਜਗ ਕਉ ਪਾਰ ਉਤਾਰਾ॥

ਗੁਰੂ ਨਾਨਕ ਦੇਵ ਜੀ ਨੇ ਅਸਲੀ ਤੇ ਸਾਂਝੇ ਧਰਮ ਦੇ ਸਿਧਾਂਤ ਨੂੰ ਲੋਕਾਈ ਲਈ ਪੇਸ਼ ਕੀਤਾ। ਸਿੱਖ ਧਰਮ ਇਕ ਜੀਵਨ ਜਾਂਚ ਹੈ, ਇਸਦੇ ਪੈਰ ਧਰਤੀ ਤੇ ਹਨ ਅਤੇ ਇਸ ਨਾਲ ਲੋਕ ਭਾਵਨਾ ਜੁੜੀ ਹੋਈ ਹੈ। ਗੁਰੂ ਨਾਨਕ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਨਵੀਆਂ ਧਾਰਮਕ ਪ੍ਰੰਪਰਾਵਾਂ ਦਾ ਪ੍ਰਚਾਰ ਕੀਤਾ ਅਤੇ ਜਾਤ-ਪਾਤ ਪ੍ਰਣਾਲੀ ਦਾ ਖੰਡਨ ਕੀਤਾ, ਬ੍ਰਾਹਮਣ ਦੀ ਸਰਦਾਰੀ ਨੂੰ ਵੀ ਚੈਲੰਜ ਕੀਤਾ ਪਰ ਉਨ੍ਹਾਂ ਵਲੋਂ ਵਿਗੜੇ ਸਮਾਜ ਅੰਦਰ ਕੋਈ ਠੋਸ ਪਰਿਵਰਤਨ ਲਿਆਉਣਾ ਸੰਭਵ ਨਾ ਹੋਇਆ। ਇਨ੍ਹਾਂ ਭਗਤਾਂ ਨੇ ਇਸਲਾਮ ਵਲੋਂ ਹੋ ਰਹੇ ਜ਼ੁਲਮ ਖ਼ਿਲਾਫ ਕੋਈ ਗੱਲ ਨਾ ਕੀਤੀ। ਦੂਸਰਾ, ਇਹ ਸਾਰੇ ਭਗਤ ਦੇਸ਼ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧ ਰੱਖਦੇ ਸਨ, ਜਿਸ ਕਰਕੇ ਸਾਂਝੀ ਯੋਜਨਾਬਧ ਲਹਿਰ ਨਾ ਉਠ ਸਕੀ। ਗੁਰੂ ਨਾਨਕ ਦੇਵ ਜੀ ਨੇ ਇਹ ਦ੍ਰਿੜ ਕਰਾਇਆ ਕਿ ਨਿਰਾ ਸਿਧਾਂਤਾਂ ਨੂੰ ਜਾਣ ਲੈਣਾ ਕਾਫੀ ਨਹੀਂ, ਅਸਲ ਵਿਚ ਸਿਧਾਂਤਾਂ ਨੂੰ ਅਸਲੀ ਜਾਮਾਂ ਪਹਿਨਾਉਣ ਨਾਲ ਹੀ ਜ਼ਿੰਦਗੀ ਬਣ ਸਕਦੀ ਹੈ :

ਗੁਰੂ ਜੀ ਵਲੋਂ ਜੋ ਸਿਧਾਂਤ ਦਿੱਤੇ ਗਏ, ਉਹ ਨਵੇਂ ਤੇ ਵਿਲੱਖਣ ਸਨ ਅਤੇ ਸਰਬ ਸਾਂਝੇ ਸਨ। ਇਨ੍ਹਾਂ ਵਿਚ ਮਨੁੱਖੀ ਸਮਾਨਤਾ ਦਾ ਵਿਚਾਰ ਪ੍ਰਬਲ ਸੀ ਅਤੇ ਊਚ-ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ, ਕਿਉਂਕਿ ਕਿ ਸਾਰੀ ਸ੍ਰਿਸ਼ਟੀ ਦਾ ਸਾਜਣਹਾਰ ਤੇ ਕਰਤਾ ਇਕ ਹੈ ਤੇ ਉਹ ਅਕਾਲ ਪੁਰਖ ਹੈ, ਜੋ ਕਿ ਨਿਰੰਕਾਰ, ਸਰਵ ਵਿਆਪਕ ਹੈ:

ਲੋਕਾਂ ਅੰਦਰ ਸੁਤੰਤਰ ਵਿਚਾਰਧਾਰਾ ਕੋਈ ਨਹੀਂ ਸੀ ਅਤੇ ਉਨ੍ਹਾਂ ਅੰਦਰ ਸੁਤੰਤਰਤਾ ਵਾਲਾ ਗੌਰਵਮਈ ਜੀਵਣ ਜੀਣ ਲਈ ਸਾਹਸ ਭਰ ਦਿੱਤਾ।

**ਬਾਕੀ ਅਗਲੇ ਅੰਕ 'ਚ**

## ਮਿੰਨੀ ਕਹਾਣੀ
## "ਅਨੋਖਾ ਵਿਉਪਾਰ"

**ਪਰਵਿੰਦਰ ਸਿੰਘ ਢਿਲੋਂ ਨਿਊਯਾਰਕ**

ਤਸਵੀਰ ਤੇ ਤਕਦੀਰ ਦਾ ਵਿਆਹ ਕਦੋ ਤੇ ਕਿਥੇ ਹੋਇਆ ਉਹਨਾ ਦੇ ਮਾਪਿਆ ਤੋ ਬਿਨਾਂ ਕਿਸੇ ਨੂੰ ਵੀ ਉਗ ਸੁਘ ਨਹੀ ਸੀ ਕੈਨੇਡਾ ਦਾ ਵੀਜਾ ਨਾ ਮਿਲਣ ਤੇ ਹੀ ਵਾਵਰੋਲਾ ਆਇਆ। ਪਿੰਡ ਤੋ ਕੁਝ ਪਤਵੰਤਿਆ ਸਜਣਾ ਨਾਲ ਤਸਵੀਰ ਕੌਰ ਦੇ ਪਿੰਡ ਗਏ ਪੰਚਾਇਤ ਤੇ ਲੋਕ ਵੀ ਹੈਰਾਨ ਸਨ ਕਿਸੇ ਨੂੰ ਵੀ ਵਿਆਹ ਬਾਰੇ ਨਹੀ ਸਗੋ ਇਹ ਪਤਾ ਸੀ ਕਿ ਕੁੜੀ ਆਈ ਲੈਟਸ ਕਰਕੇ ਬਾਹਰ ਚਲੀ ਗਈ ਹੈ। ਪਿੰਡ ਦੀ ਸਰਪੰਚ ਸਾਹਿਤ ਕੌਰ ਨੇ ਲੜਕੇ ਦੇ ਪਿਤਾ ਤੋ ਰਿਸ਼ਤੇ ਬਾਰੇ ਪੁੱਛਿਆ ਤਾ ਉਹਨਾਂ ਦਸਿਆ ਵਿਚੋਲਾ ਅਖਬਾਰ ਦਾ ਵਰਕਾ ਹੀ ਸੀ ਜਿਸ ਵਿਚ ਲਿਖਿਆ ਸੀ ਉਹ ਹੀ ਸੰਪਰਕ ਕਰਨ ਜੋ ਕੁੜੀ ਦੀ ਫੀਸ ਤੇ ਖਰਚਾ ਦੇ ਸਕਣ ਵਿਆਹ ਵੀ ਬਹੁਤ ਸਾਦੇ ਢੰਗ ਨਾਲ ਕੀਤਾ ਵਿਆਹ ਰਜਿਸਟਰ ਵੀ ਨਾ ਕਰਵਾਇਆ ਪਰ ਉਹ ਕਵਾਰੀ ਦਸ ਕੇ ਤਕਦੀਰ ਨੂੰ ਕਿਵੇ ਬੁਲਾ ਸਕਦੀ ਸੀ ਗੋਗੰਲੂਆ ਤੋ ਮਿਟੀ ਝੜਨ ਵਾਂਗ ਟੂਰਿਸਟ ਵੀਜਾ ਅਪਲਾਈ ਕਰ ਲਿਆ ਜੋ ਖਾਰਜ ਹੋ ਗਿਆ। ਤਸਵੀਰ ਦੇ ਪਿਤਾ ਨੇ ਬੋਲਿਆ ਅਸੀ ਤਾ ਵਿਆਹ ਬਹੁਤ ਚਾਵਾ ਨਾਲ ਕੀਤਾ ਸੀ ਆਪਣੇ ਸਿਰ ਤੋ ਭਾਰ ਲਾਹਿਆ ਸੀ ਹਣ ਉਹ ਸਾਡੇ ਕਹੇ ਤੋ ਬਾਹਰ ਹੈ ਨਹੀ ਮੰਨਦੀ ਪੈਸੇ ਅਸੀ ਨਹੀ ਲਏ ਇਹਨਾ ਫੀਸਾ ਭਰੀਆ ਹਨ। ਦੋਨਾ ਪਿੰਡ ਦੀ ਪੰਚਾਇਤ ਬੇਬਸ ਸਨ ਸਰਪੰਚ ਸਾਹਿਤ ਕੌਰ ਦਬੀ ਆਵਾਜ ਵਿੱਚ ਬੋਲੀ ਅਜਕਲ ਧੀਆ ਵਾਲਿਆ ਨੇ ਵੀ ਅਨੋਖਾ ਵਿਉਪਾਰ ਲਭ ਲਿਆ ਹੈ ਸਾਰੇ ਪਾਸੇ ਚੁੱਪ ਛਾ ਗਈ।

Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 227
Website: www.preetnama.com Email preetnamausa@gmail.com
24 NOV TO 30 NOV, 2023

## अगर प्रकृति का ऐसे शोषण होता रहा

# मनुष्य के रहने लायक नहीं रह जाएगी धरती

**– प्रहलाद सबनानी**

भारतीय हिंदू सनातन संस्कृति हमें यह सिखाती है कि आर्थिक विकास के लिए प्रकृति का दोहन करना चाहिए न कि शोषण। परंतु, आर्थिक विकास की अंधी दौड़ में पूरे विश्व में आज प्रकृति का शोषण किया जा रहा है। प्राकृतिक संसाधनों का विवेकपूर्ण उपयोग कर प्रकृति से अपनी आवश्यक आवश्यकताओं की पूर्ति बहुत ही आसानी से की जा सकती है परंतु दुर्भाग्य से आवश्यकता से अधिक वस्तुओं के उपयोग एवं इन वस्तुओं के संग्रहण के चलते प्राकृतिक संसाधनों के शोषण करने के लिए जैसे मजबूर हो गए हैं। ऐसा कहा जाता है कि जिस गति से विकसित देशों द्वारा प्राकृतिक संसाधनों का शोषण किया जा रहा है, उसी गति से यदि विकासशील एवं अविकसित देश भी प्राकृतिक संसाधनों का शोषण करने लगे तो इसके लिए केवल एक धरा से काम चलने वाला नहीं है बल्कि शीघ्र ही हमें इस प्रकार की चार धराओं की आवश्यकता होगी।

एक अनुमान के अनुसार जिस गति से कोयला, गैस एवं तेल आदि संसाधनों का इस्तेमाल पूरे विश्व में किया जा रहा है इसके चलते शीघ्र ही आने वाले कुछ वर्षों में इनके भंडार समाप्त होने की कगार तक पहुंच सकते हैं। बीपी स्टेटिस्टिकल रिव्यू ऑफ वर्ल्ड एनर्जी रिपोर्ट 2016 के अनुसार दुनिया में जिस तेजी से गैस भंडार का इस्तेमाल हो रहा है, यदि यही गति जारी रही, तो प्राकृतिक गैस के भंडार आगे आने वाले 52 वर्षों में समाप्त हो जाएगें। फॉसिल फ्यूल में कोयले के भंडार सबसे अधिक मात्रा में उपलब्ध हैं। परंतु विकसित एवं अन्य देश इसका जिस तेज गति से उपयोग कर रहे है, यदि यही गति जारी रही तो कोयले के भंडार दुनिया में आगे आने वाले 114 वर्षों में समाप्त हो जाएगें। एक अन्य अनुमान के अनुसार भारत में प्रत्येक व्यक्ति औसतन प्रतिमाह 15 लीटर से अधिक तेल की खपत कर रहा है। धरती के पास अब केवल 53 साल का ही ऑइल रिजर्व शेष है। भूमि की उर्वरा शक्ति भी बहुत तेजी से घटती जा रही है। पिछले 40 वर्षों में कृषि योग्य 33 प्रतिशत भूमि या तो बंजर हो चुकी है अथवा उसकी उर्वरा शक्ति बहुत कम हो गई है। जिसके चलते पिछले 20 वर्षों में दुनिया में कृषि उत्पादकता लगभग 20 प्रतिशत तक घट गई है।

दुनिया में जितना भी पानी है, उसमें से 97.5 प्रतिशत समुद्र में है, जो खारा है। 1.5 प्रतिशत बर्फ के रूप में उपलब्ध है। केवल 1 प्रतिशत पानी ही पीने योग्य उपलब्ध है। वर्ष 2025 तक भारत की आधी और दुनिया की 1.8 अरब आबादी के पास पीने योग्य पानी उपलब्ध नहीं होगा। विश्व स्तर के अनेक संगठनों ने कहा है कि अगला युद्ध अब पानी के लिए लड़ा जाएगा। अर्थात पीने के मीठे पानी का अकाल पड़ने की पूरी सम्भावना है। इसमें कोई संदेह नहीं कि पानी के पानी के लिए केवल विभिन्न देशों के बीच ही युद्ध नहीं होंगे बल्कि हर गांव, हर गली–मोहल्ले में पानी के लिए युद्ध होंगे। पर हम इसके बारे में अभी तक जागरुक नहीं हुए हैं। आगे आने वाले समय में परिणाम बहुत गंभीर होने वाले हैं। हमारे एक मित्र डॉक्टर राधाकिशन जी जो अमृतसर के



रहने वाले हैं उन्होंने हमें बताया कि कई पर्यावरणविदों का मत है कि पिछले 40 साल से भी अधिक समय में हम लोगों ने वृक्षारोपण के नाम पर ऐसे वृक्ष देश में लगाए हैं जो आज पर्यावरण की बर्बादी का बहुत बड़ा कारण बन गए हैं। इन वृक्षों के कारण जमीन में पानी का तेजी से क्षरण हो रहा है। पहाड़ी क्षेत्रों के जंगलों में चीड़ के करोड़ों वृक्ष लगाये गये हैं। चीड़ एक ऐसा वृक्ष है जो बड़ी तेजी से भूमि के पानी को सुखा देता है। इसकी विषैली पत्तियों के विषैले प्रभाव से जंगल की लगभग सारी वनस्पतियां, पौधे एवं वृक्ष समाप्त हो जाते हैं। इन वृक्षों के अत्यधिक ज्वलनशील पत्तों के कारण हर वर्ष हजारों अग्नि कांड होते हैं। जिसके चलते करोड़ों जीव मरते हैं, जंगल नष्ट होते हैं, और भूमि का जल सूख जाता है। सैंकड़ों–हजारों साल में बने जंगलों पर भी बहुत विपरीत प्रभाव पड़ता है। करोड़ों एकड़ भूमि बंजर बन गयी है। वनों की, वर्षा जल को रोकने की क्षमता लगभग समाप्त हो गयी है। परिणामस्वरूप, वर्षाकाल में मैदानों में भयंकर बाढ़ आने लगी है। वनों की जल संग्रहण क्षमता समाप्त होने के कारण ही कई क्षेत्रों में सूखा भी पड़ता है, जल संकट होता है। हमारे सदा सलिल रहने वाले नदी, नाले, चश्मे सूख़ने लगे हैं। फिर भी हम वृक्षारोपण के नाम पर चीड़ के वृक्ष लगाते चले गए हालांकि अब जाकर कहीं चीड़ के पेड़ लगाने की रफ्तार कम हुई है। पर सच तो यह है कि यह सब हमारी नासमझी का ही परिणाम है। बिना सोचे समझे केवल विदेशों से आयातित योजनाओं का अथवा उनकी शरारतों का शिकार बन जाना भी आज की हमारी दुर्दशा के लिए एक महत्वपूर्ण जिम्मेदार कारक है। पर्यावरणविदों के अनुसार अब सीधा सा समाधान तो यही है कि जिस प्रकार हमने चीड़, पापुलर, युकेलिप्टिस, रोबीनिया, लुसीनिया, एलस्टोनिया, सिल्वर ओक, पॉपुलर, नकली अशोक, यूकेलिप्टिस, बाटलब्रश जैसे करोड़ों वृक्ष लगाकर पर्यावरण को बर्बाद किया है, पानी की भयंकर कमी पैदा की है, उसी प्रकार अब हम ऐसे वृक्ष लगाए जाएं जो पानी को संग्रहित करते हैं एवं पानी को रोकते हैं। इस श्रेणी में भारत में हमारे अपने स्वदेशी अनगिनत वृक्ष हैं जो जल संरक्षण व पर्यावरण के लिये अनुकूल माने जाते हैं। इस प्रकार के वृक्षों में पहाड़ों के लिये बियूंस (विलो), बान, खरशू आदि बहुत कारगर सिद्ध हो सकते हैं। इनमें बियूंस बहुत आसानी से लग जाता है। बरसात के मौसम में इसकी टहनियां काटकर गाड़ दी जाएं तो आसानी से जड़ें निकल आती है और वृक्ष बन जाता है। उंचाई पर देवदार, रखाल, बुरास आदि वृक्ष लग सकते हैं। जल संग्रह के लिए इनकी क्षमता बहुत बढ़िया है। वहीं मैदानी क्षेत्रों में पीपल, पिलखन, नीम, आम, जामुन आदि उत्तम पेड़ माने जाते हैं तो रेतीली भूमि के लिये खेजड़ी, बबूल, कैर आदि जैसे पेड़ लाभदायक माने जाते हैं।

आज भारतीय हिंदू सनातन संस्कृति एक वैज्ञानिक संस्कृति मानी जा रही है। परंतु प्रकृति से दूरी और अपने देशी पेड़ पौधों के प्रति बेरुखी ने पूरे देश में प्रदूषण की समस्या को खतरनाक स्तर पर पहुंचा दिया है। भारत में यदि प्रदूषण की समस्या से निजात पाना है तो हमें फिर से नीम, पीपल, बरगद, जामुन और गूलर जैसे पेड़ों को विकसित करने के बारे में सोचना होगा। कई वैज्ञानिकों के अध्ययनों में सामने आया है कि चौड़ी पत्तियों वाले पेड़ सर्वाधिक मात्रा में धूलकणों का रोकते हैं, जिससे प्रदूषण रोकने में सहायता मिलती है। डीयू के पूर्व प्रो. और वैज्ञानिक श्री सीआर बाबू का कहना है कि आमतौर पर भारत में पाए जाने वाले चौड़ी पत्तियों वाले पौधों का कैनोपी आर्किटैक्चर सड़कों के किनारे विकसित किया जाए तो प्रदूषण का स्तर काफी कम किया जा सकता है। पेड़–पौधों के सहारे हम भी प्रदूषण से जंग लड़ सकते हैं। नीम, पीपल, बरगद, जामुन और गूलर जैसे पौधे हमारे आसपास जितनी ज्यादा संख्या में होंगे, हम जहरीली हवा के प्रकोप से उतने ही सुरक्षित रहेंगे। ये ऐसे पौधे हैं, जो कहीं भी आसानी से मिल जाते हैं और इनका रख–रखाव भी मुश्किल नहीं है। ये न केवल पर्याप्त मात्र में ऑक्सीजन देते हैं बल्कि पीएम2.5 और पीएम10 को पत्तियों के जरिये सोख लेते हैं और हवा में बहने से रोकते हैं। वैज्ञानिकों के अध्ययन में ये सारे तथ्य सामने आए हैं।यदि आप अपने आस–पास के क्षेत्रों में प्रदूषण को कम करना चाहते हैं, तो इसके लिए पौधे और वृक्ष ही आपके संरक्षक बन सकते हैं। यदि आपके इलाके में ऐसे पेड़ नहीं है तो इनका अपने इलाके में जरूर पौधारोपण करें। जामुन, अमलतास, ढाक, सैंबल, पिलखन, कुलू, दूधी, बेल, साजा, लिसोढ़ा, पीपल, बरगद, विश्तेंदु, खिरनी, कदंब, चिलबिल, भिलमा, टीक, साल, हरड़–बहेड़ा, रीठा, केम (जंगली कदंब) जैसे पेड़ प्रदूषण को रोकने में बहुत सहायक पाए गए हैं।

# जनमानस में आजादी की अलख जगाने वाले महर्षि दयानंद सरस्वती

**– शिवकुमार शर्मा**

नौन के बिना दरिद्र का निर्वाह नहीं, नौन सबको आवश्यक है।वे मेहनत मजदूरी करके जैसे तैसे निर्वाह करते हैं उनके ऊपर भी नौन का कानून दंड तुल्य ही है ।इससे परिजनों को बड़ा क्लेश पहुंचता है, अतः लवण आदि के ऊपर कर नहीं रहना चाहिए।

महर्षि दयानंद सरस्वती ने 1857 ई. में सत्यार्थ प्रकाश में जनता की जरूरत, नमक कानून का विरोध करते हुए के लिख कर जनता को अपने अधिकारों के प्रति सजग होने का आवाहन कर दिया था ।आर्य समाज के माध्यम से स्वामी जी ने उन विचारों को जन–जन तक पहुंचाया जिनके कारण स्वतंत्रता आंदोलन का बीजारोपण जनमानस में संभव हुआ। उन्होंने यह संदेश दिया किपरदेसी हमारे देश में व्यापार करेंगे तो दरिद्र और दुख के बिना दूसरा कुछ भी नहीं हो सकता है वे स्वदेशी आंदोलन के सूत्रधार थे। मेरठ छावनी में उन्होंने युवाओं के कानों में स्वदेशी मंत्र फूंक कर देशभक्तों की श्रृंखला तैयार कर दी थी। झांसी की रानी स्वामी दयानंद सरस्वती से मिलने गईं थीं, स्वामी जी ने उन्हें आशीर्वाद एवं धन दोनों दिए। उन्होंने 300सन्यासियों का एक दल बनाया था जिसने गांव– गांव जाकर लोगों को यह समझाया कि आजादी के लिए संघर्ष कैसे करें। महर्षि जी की जीवनी जो कि स्वामी सच्चिदानंद जी योगी जी ने 1972 में नैनीताल से प्रकाशित कराई, में उल्लेख आया है कि धुन्धूपंत

(नाना साहब), बंधु अजीमुल्ला, बाला साहब, तात्याटोपे और जगदीशपुर के जमींदार कुँवर सिंह उनसे मिलने गए तो स्वामी जी ने उनके प्रश्नों के उत्तर देकर उनकी जिज्ञासा शांत की। स्वामी जी ने कहा किसी विदेशी राजा को किसी विदेश पर हुकूमत चलाने का हक नहीं है ।भारत असभ्य देश नहीं है, अंग्रेज भारतीयों से अधिक सुसभ्य भी नहीं है। इनके राज को सहन करना महापाप है। रजवाड़ों की अनैक्यता और हमारा आत्म विरोध ही हमारी दुर्दशा का कारण है।उन्होंने इन पांचों लोगों को यह भी कहा कि युद्ध 100 वर्ष तक चल सकता है। हुआ भी यही, 1857 से 1947 तक पूरे 90 वर्ष लगे ।ऐसी सटीक भविष्यवाणी करने वाले भारतीय संत, कहीं कहीं उन्हें बाबा औघड़नाथ भी कहा जाता है, के कालजयी ग्रंथ सत्यार्थ प्रकाश में स्वराज, स्वधर्म, स्वसंस्कृति तथा स्वदेश शब्दों का उल्लेख बार –बार किया गया है। 1857 के पश्चात की क्रांति को आगे ले जाने का कार्य स्वामी जी ने ही किया, उनके शिष्य श्यामजी कृष्ण वर्मा, विनायक दामोदर सावरकर, लाला हरदयाल, भाई परमानंद, सेनापति बापट, मदन लाल ढींगरा, राम प्रसाद बिस्मिल, गोपाल कृष्ण गोखलेऔर सरदार भगत सिंह जैसे क्रांतिकारियों ने स्वामी के विचारों से प्रेरणा पाकर स्वतंत्रता आंदोलन के लिए जीवन होम दिए। स्वामी जी के विचारों से युवक कोतवाल धन सिंह की जवानी मचल जाया करती थी। पंजाब केसरी लाला लाजपत राय प्रसिद्ध आर्य समाजी नेता थे ।नेताजी सुभाष चंद्र बोस ने उन्हें आधुनिक भारत का निर्माता माना तो अमेरिका की मदर व्लवट्सकी ने आदि शंकराचार्य के बाद बुराई पर सबसे निर्भीक प्रहारक माना ।वैलेंटाइन शिरोल ने अपनी पुस्तक इंडियन अनरेस्ट में स्वामी जी को भारतीय अशांति का जनक कहा वहीं सरदार पटेल ने कहा था कि भारत की स्वतंत्रता की नींव वास्तव में स्वामी दयानंद जी ने डाली थी। स्वामी दयानंद सरस्वती का जन्म गुजरात की मोरबी रियासत के ग्राम टंकारा में शिवभक्त औदीच्य ब्राह्मण दंपत्ति करषणजी लालजी तथा श्रीमती यशोदा बाई की प्रथम संतान के रूप में 12 फरवरी 1824 ई. को मूल नक्षत्र में हुआ था।इस कारण उनका नाम मूलशंकर रखा गया था। मेधा संपन्न बालक मूलशंकर ने 8 वर्ष की आयु में रघुवंशम्, शिव सहस्त्रनाम, महिम्न स्त्रोत तथा 14 वर्ष की आयु में यजुर्वेद कंठस्थ कर लिया था। मूल शंकर के जीवन में दो घटनाएं घटीं जिन्होंने उन्हें महान दार्शनिक चिंतक, त्यागी, समाज सुधारक, निडर सन्यासी और युग दृष्टा बनाया।

# आध्यात्मिक जीवन से होता है दैवीय गुणों का विकास

दैवीय गुणों का विकास करने के लिए आध्यात्मिक जीवन के अभ्यासी बनें क्योंकि इस जीवन शैली में स्वाभाविक रूप से जीवन की सिद्धि सफलताएं समाधान और कल्याण के सूत्र मौजूद हैं। इसमें क्षमाशीलताएं विनय और परमार्थ जैसे अनेक सद्गुणों का स्थायी वास रहता है। जन्म, जरा और मृत्यु भौतिक शरीर को सताते हैं आध्यात्मिक शरीर को नहीं। आध्यात्मिक व्यक्ति ईश्वरीय शक्ति संपन्न बन जाता है। अध्यात्म जीवन का ऐसा सत्य है एक ऐसी अनिवार्यता है जो देर.सबेर जीवन का सचेतन हिस्सा बनती है और लौकिक अस्तित्व को पूर्णता देती है। इस तरह यह विश्लेषण विवेचन व चर्चा से अधिक जीने का अंदाज है जिसे जी कर ही जाना व पाया जा सकता है। प्राण वायु की तरह हर पल अध्यात्म तत्व को जीवन में धारण कर हम अपने जीवन की खोई हुई जीवंतता और लय को पुन: प्राप्त कर सकते हैं। इस प्रकार हमारे व्यक्तित्व में दैवीय गुणों का विकास होता है और एक विश्वसनीयता एवं प्रमाणिकता जन्म लेती है।

जीवन में भक्ति और दिव्य कर्मों के विषय में सब कुछ जानने का प्रयत्न ही अध्यात्म है। जिस समय हम शांति, अकारण सुख व आनंद की अवस्था में होते हैं हम अपने वास्तविक स्व में गहन अंतरात्मा में जी रहे होते हैं। सही मायने में अध्यात्म एक दर्शन है चिंतन धारा है विद्या है हमारी संस्कृति की परंपरागत विरासत है। यह आत्मा, परमात्मा, जीव, माया, जन्म, मृत्यु, पुनर्जन्म सृजन प्रलय की अबूझ पहेलियों को सुलझाने का प्रयत्न है। देखा जाए तो स्वयं को स्वयं से जोड़ने का नाम आध्यात्मिकता है।

इस संसार में मानव जीवन से अधिक श्रेष्ठ अन्य कोई उपलब्धि नहीं है। एकमात्र मानव जीवन ही वह अवसर है जिसमें मनुष्य जो भी चाहे प्राप्त कर सकता है। इसका सदुपयोग मनुष्य को कल्पवृक्ष की भांति फलीभूत होता है। जो मनुष्य इस सुरदुर्लभ मानव जीवन को पाकर उसे सुचारू रूप से संचालित करने की कला नहीं जानता यह उसका दुर्भाग्य ही कहा जाएगा।



मानव जीवन वह पवित्र क्षेत्र है जिसमें परमात्मा ने सारी विभूतियां बीज रूप में रख दी हैं जिनका विकास नर को नारायण बना देता है। किंतु इन विभूतियों का विकास तभी होता है जब जीवन का व्यवस्थित रूप से संचालन किया जाए। अध्यात्म हमें जीवन के द्वंद्वों के बीच सम रहने और विषमताओं को पार करने की शक्ति देता है। आध्यात्मिक दृष्टि में जीवन का लक्ष्य आत्म.जागरण आत्म.साक्षात्कार ईश्वर प्राप्ति है। यह प्रक्रिया स्वयं को जानने के साथ प्रारंभ होती है अपनी अंतरात्मा से संपर्क साधने और उस सर्वव्यापी सत्ता के साथ जुड़ने के साथ आगे बढ़ती है। अध्यात्म विवेक को जागृत करता है जो सहज स्फूर्त नैतिकता को संभव बनाता है और हम जीवन मूल्यों के स्रोत से जुड़ते चले जाते हैं। अध्यात्म अंतर्निहित दिव्य क्षमताओं एवं शक्तियों के जागरण विकास के साथ व्यक्तित्व की चरम संभावनाओं को साकार करता है। आज हम जिन महामानवों अथवा देव मानवों को आदर्श के रूप में देखते हैं वे किसी न किसी रूप में इसी विकास का परिणाम होते हैं।

**पाप कर्म का फल हानिकारक है** –कहहिं कबीर यह कलि है खोटी। जो रहे करवा सो निकरै टोटी।। एक छोटा सा पहाड़ी गांव था। ग्राम के सभी लोग शराब व मांस का सेवन करते थे। जो शराब नहीं पीता था जो मांस नहीं खाता था उसे ग्राम सजा के रूप में ग्राम बाहर कर देते थे। उसी ग्राम का एक आदमी अपने संबंधी के गांव गया। ग्राम में संतजन आए हुए थे। अतः अपने समधी के साथ सत्संग में चला गया। उपदेश का जादू ऐसा कर गया कि वह तत्काल प्रभाव से शराब व मांस सेवन छोड़ दिया। गांव वापस आने पर पूरा परिवार इस दुर्व्यसन को छोड़ दिए। यह तथ्य ग्राम में फैल गई। बैठक हुई और उसे गांव बहिरा की सजा दे दी गई गांव वाले उस परिवार से कटने लगे। नाई, धोबी नौकर आदि सब ने उसके यहां काम करना बंद कर दिया। कुछ दिन उसे जीवनयापन में अड़चन हुई परंतु धीरे.धीरे सब सामान्य हो गया। गांव के और लोग उनसे प्रभावित होकर शराब मांस छोड़ दिए। साहेब कहते हैं किए हे अभागा मनुष्य! तुम्हें बुरे कार्य करने के लिए किसने सम्मानित किया है जो रात दिन चोरी झूठ, नशापान, मांस खाने में आनंद मानते हो और विषयों में सुख का भ्रम पाल रहे हो आज कल में तेरा अंत हो जाएगा। जीवन भर अशुभ कार्य करते हुए इस उत्तम मानव शरीर का दुरुपयोग ही किए हो अतः मृत्यु पश्चात तुम्हारा कहां निवास होगा इसका तुम्हें होश नहीं है। राम न रमसि कौन डंड लागा। राम भजन है शुभ कार्य। शुभ कार्य छोड़कर अशुभ काम में लिप्त रहने तुम्हें किसने दंडित या गांव बहिरा किया है साहेब कहते हैं पाप कर्म बहुत बुरी बात है। पाप कर्म का फल हानिकारक है पाप कर्म काटने के लिए तीर्थ जाते हो। पूजा पाठ करते हो।

ਜਿਵੇਂ ਹੀ ਤੀਰਥ ਆਪਣੀ ਦਰਾਣੀ ਦੇ ਘਰ ਗਈ ਤਾਂ ਦਰਾਣੀ ਉਸ ਨੂੰ ਵੇਖ ਕੇ ਖ਼ੁਸ਼ ਹੋਣ ਦੀ ਬਜਾਏ ਚੁੱਪ ਜਿਹੀ ਹੋ ਗਈ ਤੇ ਉਸ ਨੂੰ ਵਿਹੜੇ ਵਿੱਚ ਹੀ ਮੰਜਾ ਡਾਹ ਕੇ ਬੈਠ ਗਈ। ਤੀਰਥ ਨੇ ਕਿਹਾ,÷ ਮੈਂ ਤਾਂ ਭੈਣੇ ਆਪਣੇ ਪੋਤੇ ਨੂੰ ਵੇਖਣ ਆਈ ਆਂ..... ਮੈਂ ਸੋਚਿਆ ਸ਼ਗਨ ਈ ਦੇ ਆਵਾਂ ਨਵੇਂ ਜੀਅ ਨੂੰ....! ਚੱਲ ਚੰਗਾ ਕੀਤਾ ਭੈਣੇ..... ਮੁੰਡਾ ਗੀਂ ਗੀਂ ਕਰੀ ਜਾਂਦਾ ਸੀ.... ਮੈਂ ਹੁਣ ਬਹੂ ਨੂੰ ਕਿਹਾ ਤੂੰ ਅੰਦਰ ਈ ਲੈ ਕੇ ਬੈਠ..... ਐਵੇਂ ਆਉਣ ਜਾਣ ਵਾਲਿਆਂ ਦੀ ਨਜ਼ਰ ਈ ਲੱਗ ਜਾਂਦੀ ਆ...... ਭਾਈ ਇਹ ਚੀਜ਼ਾਂ ਲੱਖੀਂ ਨਾ ਹਜ਼ਾਰੀਂ ਲੱਭਦੀਆਂ ਨੇ ਕਿਤੇ.....! ਤੀਰਥ ਦੀ ਦਰਾਣੀ ਬੋਲੀ।

ਤੀਰਥ ਨੂੰ ਸਮਝ ਨਾ ਆਵੇ ਕਿ ਉਹ ਉੱਠ ਕੇ ਅੰਦਰ ਉਸ ਦੇ ਪੋਤੇ ਨੂੰ ਸ਼ਗਨ ਦੇ ਕੇ ਜਾਵੇ ਜਾਂ ਓਦਾਂ ਹੀ ਮੁੜ ਜਾਵੇ।ਪਰ ਉਸ ਨੇ ਮੁੰਡੇ ਨੂੰ ਸ਼ਗਨ ਦੇ ਕੇ ਮੁੜਨਾ ਹੀ ਠੀਕ ਸਮਝਿਆ। ਅੰਦਰ ਜਾ ਕੇ ਨਿੱਕੇ ਬੱਚੇ ਨੂੰ ਸ਼ਗਨ ਦੇ ਕੇ ਜਿਵੇਂ ਹੀ ਤੀਰਥ ਉਹਨਾਂ ਦੇ ਘਰੋਂ ਵਾਪਸ ਮੁੜੀ ਤਾਂ ਉਸ ਦੇ ਕੰਨੀਂ ਆਪਣੀ ਦਰਾਣੀ ਦੀ ਅਵਾਜ਼ ਪਈ,....ਨੀ ਕੁੜੀਏ..... ਲਿਆ ਸੱਤ ਲਾਲ ਮਿਰਚਾਂ.... ਜਵਾਕ ਦੇ ਉੱਤੋਂ ਦੀ ਸੱਤ ਵਾਰ ਛੁਹਾ ਕੇ ਪਾ ਚੁੱਲ੍ਹੇ ਚ.... ।

ਤੀਰਥ ਦੇ ਕੰਨਾਂ ਵਿੱਚ ਉਸ ਦੇ ਬੋਲ ਵਾਰ ਵਾਰ ਗੂੰਜ ਰਹੇ ਸਨ। ਉਹ ਘਰ ਬੈਠੀ ਬਹੁਤ ਦੇਰ ਤੱਕ ਸੋਚਦੀ ਰਹੀ, ਮੈਂ.... ਤਾਂ ਹਮੇਸ਼ਾ ਇਸ ਨਾਲ.... ਇਸ ਦੀਆਂ ਖ਼ੁਸ਼ੀਆਂ ਵਿੱਚ ਖ਼ੁਸ਼ ਹੀ ਹੋਈ ਹਾਂ.....ਇਹ ਇਸ ਤਰ੍ਹਾਂ ਕਿਉਂ ਕਰ ਰਹੀ ਹੈ......ਪਰ ਦਸ ਸਾਲ ਪਹਿਲਾਂ ਜਦ ਇਹ ਮੇਰੇ ਬੱਚਿਆਂ ਨੂੰ ਵੇਖ ਕੇ ਹਉਕਾ ਲੈਂਦੀ ਸੀ...... ਮੈਂ ਤਾਂ ਕਦੇ ਇਸ ਨੂੰ ਟੋਕਿਆ ਨਹੀਂ ਸੀ...... ਦਸ ਸਾਲ ਪਹਿਲਾਂ ਜਿੱਥੇ ਮੇਰੇ ਬੱਚੇ ਸਨ..... ਅੱਜ ਵੀ ਉਹ ਉੱਥੇ ਹੀ ਹਨ.....ਇਸ ਦੇ ਹਉਕੇ ਦੀ ਮਾਰ ਤਾਂ ਮੇਰੇ ਬੱਚਿਆਂ ਤੇ ਪਈ ਹੈ.... !

# ਉੱਡੀਆਂ ਤਾਂ ਉੱਡੀਆਂ ਕੂੰਜਾਂ... ਉੱਡੀਆਂ ਪਰਦੇਸ ਨੂੰ....

ਸੰਜੀਵ ਧਰਮਾਣੀ 9478561356

ਪਿਆਰੇ ਬੱਚਿਓ ! ਤੁਸੀਂ ਕਈ ਤਰ੍ਹਾਂ ਦੇ ਰੰਗ - ਬਿਰੰਗੇ ਪੰਛੀ ਅਕਸਰ ਵੱਖ - ਵੱਖ ਥਾਵਾਂ @ਤੇ ਦੇਖੇ ਹੋਏ ਹੋਣਗੇ। ਬੱਚਿਓ ! ਇਹ ਮਨਮੋਹਕ ਪੰਛੀ ਅਤੇ ਇਹਨਾਂ ਦੀਆਂ ਸੁਰੀਲੀਆਂ ਤੇ ਕੰਨਾਂ @ਚ ਰਸ ਘੋਲਣ ਵਾਲੀਆਂ ਆਵਾਜ਼ਾਂ ਸਾਨੂੰ ਸਭ ਨੂੰ ਬਹੁਤ ਪਸੰਦ ਹਨ। ਬੱਚਿਓ ਤੁਸੀਂ ਅਕਤੂਬਰ - ਨਵੰਬਰ ਜਾਂ ਮਾਰਚ ਮਹੀਨੇ ਦੇ ਸਮੇਂ ਆਸਮਾਨ ਵਿੱਚ ਅੰਗਰੇਜ਼ੀ ਦੇ ਅੱਖਰ ਵੀ ( ੨) ਦੇ ਆਕਾਰ ਵਿੱਚ ਅਤੇ ਕੁਰਰ... ਕਰਰ...ਦੀਆਂ ਸੁਰੀਲੀਆਂ ਆਵਾਜ਼ਾਂ ਕੱਢਦੇ 30 - 40 ਪੰਛੀਆਂ ਦੇ ਝੁਰਮੁਟ ਨੂੰ ਸ਼ਾਇਦ ਕਦੇ ਦੇਖਿਆ ਹੋਵੇਗਾ , ਇਹ ਕੂੰਜ ਪੰਛੀ ਹੁੰਦੇ ਹਨ। ਪਿਆਰੇ ਬੱਚਿਓ ! ਅੱਜ ਅਸੀਂ ਤੁਹਾਨੂੰ ਕੂੰਜ ਪੰਛੀ ਬਾਰੇ ਕੁਝ ਜਾਣਕਾਰੀ ਦੇਵਾਂਗੇ। ਕੂੰਜਾਂ ਪਰਵਾਸੀ ਪੰਛੀ ਹਨ। ਇਹ ਸਾਈਬੇਰੀਆ ਦਾ ਮੂਲ ਪੰਛੀ ਹੈ। ਜਦੋਂ ਅਕਤੂਬਰ ਮਹੀਨੇ ਦੇ ਸਮੇਂ ਥੋੜ੍ਹੀ - ਥੋੜ੍ਹੀ ਠੰਢ ਹੋ ਜਾਂਦੀ ਹੈ ਤਾਂ ਕੂੰਜਾਂ ਆਪਣੇ ਦੇਸ਼ ਸਾਈਬੇਰੀਆ ਤੋਂ ਉੱਡ ਕੇ ਪੰਜਾਬ ਵਿੱਚ ਆ ਜਾਂਦੀਆਂ ਹਨ। ਇੱਥੇ ਇਹ ਪੰਜਾਬ ਦੇ ਦਰਿਆਵਾਂ , ਸੁਖਨਾ ਝੀਲ , ਨੰਗਲ ਡੈਮ ,ਹਰੀ ਕੇ ਪੱਤਣ ਤੇ ਹੋਰ ਪਸੰਦੀਦਾ ਥਾਵਾਂ @ਤੇ ਆ ਕੇ ਰਹਿਣ ਲੱਗ ਪੈਂਦੀਆਂ ਹਨ ਅਤੇ ਲਗਭਗ ਮਾਰਚ ਮਹੀਨੇ ਤੱਕ ਇੱਥੇ ਹੀ ਆਪਣਾ ਵਾਸ ਕਰਦੀਆਂ ਹਨ। ਬੱਚਿਓ ! ਕੂੰਜਾਂ ਦਾ ਜ਼ਿਕਰ ਸਾਡੇ ਸਾਹਿਤ , ਸੱਭਿਆਚਾਰ , ਵਿਰਸੇ , ਮੁਹਾਵਰਿਆਂ , ਲੋਕ - ਗੀਤਾਂ , ਇਤਿਹਾਸ , ਕਹਾਣੀਆਂ , ਕਵਿਤਾਵਾਂ ਆਦਿ ਵਿੱਚ ਵੀ ਮਿਲਦਾ ਹੈ। ਇਹ ਪੰਛੀ ਜਿਆਦਾਤਰ ਪਾਣੀ ਵਿੱਚ ਰਹਿਣ ਵਾਲਾ ਹੈ। ਇਹ ਹੋਰ ਪੰਛੀਆਂ ਨਾਲੋਂ ਥੋੜ੍ਹਾ ਵੱਡਾ ਹੁੰਦਾ ਹੈ। ਕੂੰਜ ਸਲੇਟੀ ਰੰਗਾ ਤੇ ਲਗਭਗ ਢਾਈ ਤੋਂ ਤਿੰਨ ਕੁ ਫੁੱਟ ਉੱਚਾ ਪੰਛੀ ਹੁੰਦਾ ਹੈ। ਇਸ ਦੀਆਂ ਲੱਤਾਂ ਲੰਬੀਆਂ ਹੁੰਦੀਆਂ ਹਨ ਕੂੰਜ ਦੇ ਸਿਰ @ਤੇ ਲਾਲ ਰੰਗ ਦਾ ਨਿਸ਼ਾਨ ਜਿਹਾ ਹੁੰਦਾ ਹੈ। ਲੱਤਾਂ ਵਾਂਗ ਇਸ ਪੰਛੀ ਦੀ ਗਰਦਨ ਵੀ ਲੰਬੀ ਹੁੰਦੀ ਹੈ। ਕੂੰਜਾਂ ਜਦੋਂ ਆਸਮਾਨ ਵਿੱਚ ਉੱਡਦੀਆਂ ਹਨ ਤਾਂ ਇਹਨਾਂ ਦੀਆਂ ਪਤਲੀਆਂ - ਪਤਲੀਆਂ ਗਰਦਨਾਂ ਅੱਗੇ ਵੱਲ ਵਧੀਆਂ ਹੋਈਆਂ ਹੁੰਦੀਆਂ ਹਨ ਤੇ ਇਹਨਾਂ ਨੇ ਆਪਣੇ ਲੰਬੇ - ਲੰਬੇ ਪੈਰ ਪਿੱਛੇ ਵੱਲ ਨੂੰ ਲਮਕਾਏ ਹੋਏ ਹੁੰਦੇ ਹਨ। ਬੱਚਿਓ ! ਕੂੰਜਾਂ ਨੂੰ ਉੱਡਦੇ ਦੇਖ ਕੇ ਸਭ ਨੂੰ ਬਹੁਤ ਆਨੰਦ ਆਉਂਦਾ ਹੈ। ਇਸ ਦੀ ਚੁੰਝ ਨਕੀਲੀ ਹੁੰਦੀ ਹੈ। ਉੱਡਣ ਦੇ ਸਮੇਂ ਕੂੰਜਾਂ ਵੱਖ - ਵੱਖ ਆਕਾਰਾਂ ਵਿੱਚ ਉੱਡਦੀਆਂ ਹਨ , ਪਰ ਅਕਸਰ ਇਹ ਅੰਗਰੇਜ਼ੀ ਭਾਸ਼ਾ ਦੇ ਅੱਖਰ ਵੀ ( ੨ ) ਦੇ ਆਕਾਰ ਵਿੱਚ ਉੱਡਦੀਆਂ ਨਜ਼ਰ ਆਉਂਦੀਆਂ ਹਨ।ਪੰਜਾਬੀ ਸਾਹਿਤ ਵਿੱਚ ਕੂੰਜ ਦੀ ਡਾਰ ਤੋਂ ਵਿਛੜਨ ਦਾ ਵੀ ਜ਼ਿਕਰ ਆਉਂਦਾ ਹੈ , ਜਿਵੇਂ :

÷ ਅੰਬਰਾਂ @ਤੇ ਸੋਗ ਛਾਅ ਗਿਆ ,
ਡਾਰੋਂ ਵਿਛੜੀ ਕੂੰਜ ਕੁਰਲਾਈ। ÷

ਬੱਚਿਓ ! ਕੂੰਜ ਭੋਲਾ , ਪਿਆਰਾ ਤੇ ਸਰੀਫ ਪੰਛੀ ਹੈ।ਇਸ ਦੀ ਬੋਲੀ ਬਹੁਤ ਮਿੱਠੀ ਤੇ ਮਨਮੋਹਕ ਹੁੰਦੀ ਹੈ। ਵਾਰਿਸਸ਼ਾਹ ਤੇ ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀਆਂ ਰਚਨਾਵਾਂ ਵਿੱਚ ਇਸ ਪੰਛੀ ਦਾ ਜਿਕਰ ਬਾਖੂਬੀ ਕੀਤਾ ਹੈ। ਇਹ ਪੰਛੀ ਚੀਨ , ਮੰਗੋਲੀਆ , ਯੂਰੇਸ਼ੀਆ , ਸਾਇਬੇਰੀਆ ਆਦਿ ਥਾਵਾਂ ਵਿੱਚ ਜਿਆਦਾਤਰ ਆਪਣਾ ਵਾਸ ਕਰਦਾ ਹੈ। ਇਹ ਪੰਜਾਬੀਆਂ ਦਾ ਹਰਮਨ ਪਿਆਰਾ ਪੰਛੀ ਹੈ। ਉੱਡਣ ਸਮੇਂ ਇੱਕ ਕੂੰਜ ਆਪਣੇ ਪਿੱਛੇ ਹੋਰ ਬਾਕੀ ਉੱਡਣ ਵਾਲੀਆਂ ਕੂੰਜਾਂ ਦੀ ਅਗਵਾਈ ਕਰਦੀ ਹੈ ਤੇ ਜਦੋਂ ਇਹ ਥਕਾਵਟ ਮਹਿਸੂਸ ਕਰਦੀ ਹੈ ਤਾਂ ਤਰਤੀਬ ਅਨੁਸਾਰ ਹੋਰ ਕੂੰਜ ਪੰਛੀ ਬਾਕੀ ਉੱਡਣ ਵਾਲੀਆਂ ਕੂੰਜਾਂ ਦੀ ਅਗਵਾਈ ਕਰਦੀ ਹੈ। ਕੂੰਜਾਂ ਅਨੁਸ਼ਾਸਨ ਪਸੰਦ ਪੰਛੀ ਹਨ। ਬੱਚਿਓ ! ਕੂੰਜਾਂ ਅਕਸਰ ਫਸਲਾਂ ਦੇ ਦਾਣੇ , ਕੀੜੇ - ਮਕੌੜੇ , ਪਾਣੀ ਦੇ ਛੋਟੇ - ਮੋਟੇ ਕੀਟ , ਛੋਲੇ ਆਦਿ ਖਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਇਹ ਪੰਛੀ ਸਵੇਰ ਜਾਂ ਸ਼ਾਮ ਨੂੰ ਹੀ ਆਪਣੇ ਭੋਜਨ ਦੀ ਤਲਾਸ਼ ਕਰਦਾ ਹੈ। ਸਾਡੇ ਸੱਭਿਆਚਾਰ ਤੇ ਲੋਕ ਗੀਤਾਂ ਵਿੱਚ ਸੋਹਣੀਆਂ , ਪਤਲੀਆਂ , ਕੋਮਲ , ਨਾਜ਼ੁਕ , ਅੱਲੜ ਤੇ ਉੱਚੀਆਂ ਮੁਟਿਆਰਾਂ ਦੀ ਤੁਲਨਾ ਕੂੰਜਾਂ ਨਾਲ ਕੀਤੀ ਗਈ ਮਿਲਦੀ ਹੈ। ਪੁਰਾਣੇ ਸਮੇਂ ਦੇ ਦੌਰਾਨ ਫੁਲਕਾਰੀਆਂ ਆਦਿ @ਤੇ ਹੋਰ ਪਸ਼ੂ - ਪੰਛੀਆਂ ਦੀ ਕਢਾਈ ਦੇ ਵਾਂਗ ਹੀ ਕੂੰਜ ਅਤੇ ਕੂੰਜਾਂ ਦੀਆਂ ਡਾਰਾਂ ਦੀ ਕਢਾਈ ਵੀ ਕੀਤੀ ਜਾਂਦੀ ਹੁੰਦੀ ਸੀ। ਅਜਿਹੀਆਂ ਕਢਾਈ ਕੱਢੀਆਂ ਫੁਲਕਾਰੀਆਂ ਆਦਿ ਕਦੇ ਅਕਸਰ ਦਾਜ ਦਾ ਅਹਿਮ ਹਿੱਸਾ ਹੋਇਆ ਕਰਦੀਆਂ ਸਨ। ਜਦੋਂ ਕੂੰਝਾਂ ਬਾਹਰਲੇ ਮੁਲਕਾਂ ਤੋਂ ਸਾਡੇ ਸੋਹਣੇ ਪੰਜਾਬ ਵਿੱਚ ਆਉਂਦੀਆਂ ਹਨ ਤਾਂ ਇਹ ਆਪਣੇ ਬੱਚਿਆਂ ਨੂੰ ਉੱਥੇ ਹੀ ਛੱਡ ਦਿੰਦੀਆਂ ਹਨ। ਕੂੰਜਾਂ ਨੂੰ ਵੀ ਮਨੁੱਖ ਵਾਂਗ ਇਸ ਵਿਛੋੜੇ ਦੀ ਦੁੱਖ - ਤਕਲੀਫ ਮਹਿਸੂਸ ਹੁੰਦੀ ਹੈ। ਜਦੋਂ ਧੀ ਵਿਆਹੀ ਜਾਂਦੀ ਹੈ ਤਾਂ ਉਹ ਆਪਣੇ ਬਾਬਲ ਦੇ ਘਰ ਕਦੇ - ਕਦੇ ਚਿਰਾਂ ਬਾਅਦ ਹੀ ਆਉਂਦੀ ਹੈ। ਇਸ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ ,

÷ ਸਾਡੀ ਕੂੰਜਾਂ ਵਾਲੀ ਫੇਰੀ
ਭਾਬੋ ਨੀ ਕਦੇ ਆਵੇਂਗੀ।

ਪੰਜਾਬੀ ਸਾਹਿਤ ਵਿੱਚ ਵੀ ਕੂੰਜਾਂ ਬਾਰੇ ਬਹੁਤ ਵਿਸਥਾਰ ਵਿੱਚ ਵਰਣਨ ਹੈ।

ਪਿਆਰੇ ਬੱਚਿਓ !ਸਾਨੂੰ ਹਮੇਸ਼ਾ ਇਹਨਾਂ ਭੋਲੇ - ਭਾਲੇ , ਮਨਮੋਹਕ ਅਤੇ ਪਿਆਰੇ ਪੰਛੀਆਂ ਨੂੰ ਜ਼ਰੂਰ ਦੇਖਣਾ , ਸਮਝਣਾ ਤੇ ਨਿਹਾਰਨਾ ਚਾਹੀਦਾ ਹੈ , ਪਰ ਪੰਛੀਆਂ ਨੂੰ ਕਦੇ ਤੰਗ - ਪਰੇਸ਼ਾਨ ਨਹੀਂ ਕਰਨਾ ਚਾਹੀਦਾ। ਸਾਨੂੰ ਇਹਨਾਂ ਪੰਛੀਆਂ ਦੀ ਰੱਖਿਆ ਲਈ ਜ਼ਰੂਰੀ ਕਦਮ ਉਠਾਉਣੇ ਚਾਹੀਦੇ ਹਨ। ਬੱਚਿਓ ! ਜਦੋਂ ਵੀ ਸਾਡੇ ਦੇਸ਼ ਵਿੱਚ ਇਹ ਪ੍ਰਵਾਸੀ ਪੰਛੀ ਆਉਣ ਤਾਂ ਇਹਨਾਂ ਦਾ ਹਮੇਸ਼ਾ ਸਵਾਗਤ ਕਰਨਾ ਚਾਹੀਦਾ ਹੈ ਤਾਂ ਜੋ ਬਿਨ੍ਹਾਂ ਕਿਸੇ ਡਰ - ਭੈਅ ਤੋਂ ਇਹ ਆਪਣੇ - ਆਪ ਨੂੰ ਇੱਥੇ ਸੁਰੱਖਿਅਤ ਮਹਿਸੂਸ ਕਰਨ। ਸਾਹਿਤ ਤੇ ਸੱਭਿਆਚਾਰ ਵਿੱਚ ਕੂੰਜ ਪੰਛੀ ਦਾ ਜ਼ਿਕਰ ਅਕਸਰ ਮਿਲ਼ਦਾ ਹੈ ,

÷ ਉੱਡੀਆਂ ਤਾਂ ਉੱਡੀਆਂ ਕੂੰਜਾਂ ,
ਉੱਡੀਆਂ ਪਰਦੇਸ਼ ਨੂੰ , ਮੇਰਾ ਮਨ ਲੋਚੇ ਭੈਣੇ ,
ਬਾਬਲ ਦੇ ਦੇਸ ਨੂੰ , ਬਾਬਲ ਦੇ ਦੇਸ ਨੂੰ ...।

# ਗਾਜ਼ਾ ਵਿੱਚ ਵਾਪਰ ਰਹੀ ਤ੍ਰਾਸਦੀ



## ਯੁਧ ਕਿਸੇ ਵੀ ਸਮੱਸਿਆਵਾਂ ਦਾ ਹੱਲ ਨਹੀਂ ਹੁੰਦੇ

ਗਾਜ਼ਾ ਵਿੱਚ ਵਾਪਰ ਰਹੀ ਤ੍ਰਾਸਦੀ ਦੇ ਵਿਚਕਾਰ, ਜੋ ਨਿਰਦੋਸ਼ ਨਾਗਰਿਕ ਔਰਤਾਂ ਅਤੇ ਬੱਚਿਆਂ ਤੇ ਹੋ ਰਹੇ ਲਗਾਤਾਰ ਅੱਤਿਆਚਾਰ,ਖਾਸ ਤੌਰ @ਤੇ ਅਲ-ਸ਼ਿਫਾ ਹਸਪਤਾਲ ਵਿੱਚ ਅਤੇ ਇਸ ਦੇ ਆਲੇ ਦੁਆਲੇ ਦੇ ਹਮਲਿਆਂ ਦੀ ਸਖ਼ਤ ਲਫ਼ਜਾਂ ਵਿਚ ਨਿਖੇਦੀ ਕਰਨੀ ਬਣਦੀ ਹੈ। ਇਜ਼ਰਾਈਲ ਦੀਆਂ ਕਾਰਵਾਈਆਂ ਗਲਤ ਹਨ। ਸੰਖੇਪ ਚਰਚਾਵਾਂ ਅਤੇ ਦਾਰਸ਼ਨਿਕ ਬਹਿਸਾਂ ਹਮਾਸ ਦੇ ਅਗਵਾ ਅਤੇ ਕਤਲਾਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਦਿਲਾਸਾ ਨਹੀਂ ਦਿੰਦੀਆਂ। ਜੇ ਸਾਡੇ ਬੱਚਿਆਂ ਨੂੰ ਅਜਿਹੇ ਅੱਤਿਆਚਾਰਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਤਾਂ ਅਸੀਂ ਕਿਵੇਂ ਪ੍ਰਤੀਕਿਰਿਆ ਕਰਾਂਗੇ ? ਅਸੀਂ ਇਨਸਾਫ਼ ਕਿਵੇਂ ਮੰਗ ਸਕਦੇ ਹਾਂ ? ਫੋਕੇ ਸ਼ਬਦਾਂ ਅਤੇ ਅਕਿਰਿਆਸ਼ੀਲਤਾ ਦਾ ਸਮਾਂ ਖ਼ਤਮ ਹੋ ਗਿਆ ਹੈ। ਫਲਸਤੀਨੀ ਲੋਕ ਸ਼ਾਂਤੀ, ਸੁਰੱਖਿਆ ਅਤੇ ਹਿੰਸਾ ਤੋਂ ਆਜ਼ਾਦੀ ਦੇ ਹੱਕਦਾਰ ਹਨ। ਹਮਾਸ ਦੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣਾ, ਫੰਡਿੰਗ ਜਾਂ ਹੋਰ ਕਾਰਕਾਂ ਦੀ ਪਰਵਾਹ ਕੀਤੇ ਬਿਨਾਂ, ਬਰਾਬਰ ਗਲਤ ਅਤੇ ਗੁੰਮਰਾਹਕੁੰਨ ਹੈ। ਫਲਸਤੀਨੀ ਸੰਘਰਸ਼ ਦੇ ਆਲੇ ਦੁਆਲੇ ਦੀਆਂ ਬਹਿਸਾਂ ਲੰਬੇ ਸਮੇਂ ਤੋਂ ਇਤਿਹਾਸ ਦੇ ਅਥਾਹ ਕੁੰਡ ਵਿੱਚ ਅਲੋਪ ਹੋ ਗਈਆਂ ਹਨ। ਹਾਲਾਂਕਿ ਇਜ਼ਰਾਈਲ ਦੀ ਸਿਰਜਣਾ ਬਿਨਾਂ ਸ਼ੱਕ ਫਲਸਤੀਨੀ ਲੋਕਾਂ ਦੇ ਵਿਰੁੱਧ ਇੱਕ ਬਹੁਤ ਵੱਡੀ ਬੇਇਨਸਾਫੀ ਸੀ, ਅਜਿਹੇ ਜ਼ੁਲਮ ਅਤੇ ਹੇਰਾਫੇਰੀ ਦੀਆਂ ਕਾਰਵਾਈਆਂ ਬੇਮਿਸਾਲ ਨਹੀਂ ਹਨ। ਤਾਕਤਵਰਾਂ ਦੇ ਹੱਥਾਂ ਨੇ ਵਾਰ-ਵਾਰ ਪੱਛਮੀ ਏਸ਼ੀਆ ਦੇ ਸਿਆਸੀ ਨਕਸ਼ੇ ਨੂੰ ਮੁੜ ਉਲੀਕਿਆ ਹੈ, ਜਿਸ ਨਾਲ ਅਰਬ ਲੋਕਾਂ ਨੂੰ ਤਬਦੀਲੀ ਅਤੇ ਉਥਲ-ਪੁਥਲ ਦੇ ਧੋਖੇਬਾਜ਼ ਸੱਤਾ ਦੇ ਭੁੱਖੇ ਲੀਡਰਾਂ ਨੂੰ ਨੈਵੀਗੇਟ ਕਰਨ ਲਈ ਛੱਡ ਦਿੱਤਾ ਗਿਆ ਹੈ।

ਅਰਬ-ਇਜ਼ਰਾਈਲੀ ਟਕਰਾਅ ਨੂੰ ਵੱਖਰਾ ਕਰਨ ਵਾਲੀ ਸੋਚ ਧਾਰਮਿਕ, ਸੱਭਿਆਚਾਰਕ ਅਤੇ ਨਸਲੀ ਨਫ਼ਰਤ ਦਾ ਘਾਤਕ ਮਿਸ਼ਰਣ ਹੈ, ਜੋ ਸਦੀਆਂ ਦੀ ਦੁਸ਼ਮਣੀ ਅਤੇ ਵਿਨਾਸ਼ਕਾਰੀ ਯੁੱਧਾਂ ਦੀ ਲੜੀ ਦੁਆਰਾ ਵਧਾਇਆ ਗਿਆ ਹੈ। ਸੰਸਾਰ, ਆਪਣੇ ਗੁੰਝਲਦਾਰ ਪਾਖੰਡ, ਜੇਤੂਆਂ ਦੀ ਬਹਾਦਰੀ ਦਾ ਜਸ਼ਨ ਮਨਾਉਂਦੇ ਹੋਏ ਅਤੇ ਜਿੱਤੇ ਹੋਏ ਲੋਕਾਂ ਦਾ ਮਜ਼ਾਕ ਉਡਾਉਂਦੇ ਹੋਏ, ਯੁੱਧ ਦੀ ਅਮਾਨਵੀ ਬੇਰਹਿਮੀ ਦਾ ਵਿਰਲਾਪ ਕਰਦਾ ਹੈ। ਅਰਬਾਂ ਦੀਆਂ ਲਗਾਤਾਰ ਹਾਰਾਂ ਤੋਂ, ਉਹਨਾਂ ਦੀ ਘਟੀਆ ਫੌਜੀ ਸਮਰੱਥਾ ਮਖੌਲ ਅਤੇ ਨਫ਼ਰਤ ਦਾ ਵਿਸ਼ਾ ਬਣ ਕੇ ਰਹਿ ਗਏ ਹਨ। ਨਿਰਾਸ਼ਾ ਅਤੇ ਜ਼ਖਮੀ ਹੰਕਾਰ ਦੇ ਕਾਰਨ, ਕੁਝ ਕੁ ਗੁੰਮਰਾਹਕੁੰਨ ਰੂਹਾਂ ਬਦਲਾ ਲੈਣ ਦੇ ਰਾਹ @ਤੇ ਚੱਲ ਪਈਆਂ, ਉਨ੍ਹਾਂ ਦੀਆਂ ਕਾਰਵਾਈਆਂ ਆਖ਼ਰਕਾਰ ਅੱਤਵਾਦ ਦੀਆਂ ਗਤੀਵਿਦੀਆਂ ਨੂੰ ਭੜਕਾਉਂਦੀਆਂ ਹਨ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹੋਰ ਠੋਸ ਕਦਮ ਚੁਕਣ ਲਈ ਮਜ਼ਬੂਰ ਕਰ ਰਹੀਆਂ ਹਨ। ਇਸ ਟਕਰਾਅ ਦੀ ਗੰਭੀਰਤਾ ਨਾ ਸਿਰਫ਼ ਇਸ ਦੇ ਗੁੰਝਲਦਾਰ ਸੁਭਾਅ ਵਿੱਚ ਹੈ, ਸਗੋਂ ਇਸਦੀ ਰਣਨੀਤਕ ਮਹੱਤਤਾ ਵਿੱਚ ਵੀ ਹੈ, ਖੇਤਰ ਦੇ ਵਿਸ਼ਾਲ ਤੇਲ ਭੰਡਾਰਾਂ ਅਤੇ ਵਿਸ਼ਵ ਸ਼ਕਤੀਆਂ ਵਿਚਕਾਰ ਭੂ-ਰਾਜਨੀਤਿਕ ਸ਼ਤਰੰਜ ਮੈਚ ਇੱਕ ਵਿਸਫੋਟਕ ਪਹਿਲੂ ਜੋੜਦੇ ਹੋਏ ਭਿਆਨਕ ਰੂਪ ਲੈ ਰਿਹਾ ਹੈ। ਬੇਰਹਿਮ ਅੱਤਵਾਦੀ ਸੰਗਠਨਾਂ ਦੀ ਹੋਂਦ, ਉਹਨਾਂ ਦੀਆਂ ਬਦਲਦੀਆਂ ਪ੍ਰਤੀਬੱਧਤਾਵਾਂ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਟੱਲ ਦ੍ਰਿੜਤਾ ਦੇ ਨਾਲ, ਸਥਿਤੀ ਨੂੰ ਹੋਰ ਗੁੰਝਲਦਾਰ ਬਣਾਉਂਦੀ ਜਾ ਰਹੀ ਹੈ। ਇਸ ਖੇਤਰ ਨੂੰ ਅੰਤਰਰਾਸ਼ਟਰੀ ਸੰਘਰਸ਼ ਦੀ ਚੰਗਿਆੜੀ, ਫਲਸਤੀਨ-ਇਜ਼ਰਾਈਲੀ ਵਿਵਾਦ ਪੱਖਪਾਤ ਦੀ ਸਥਾਈ ਸ਼ਕਤੀ, ਅਣਚਾਹੇ ਅਭਿਲਾਸ਼ਾ ਦੇ ਵਿਨਾਸ਼ਕਾਰੀ ਨਤੀਜਿਆਂ, ਅਤੇ ਰਾਜਨੀਤਿਕ ਉਥਲ-ਪੁਥਲ ਦੇ ਵਿਨਾਸ਼ਕਾਰੀ ਪ੍ਰਭਾਵ ਦਾ ਇੱਕ ਦੁਖਦਾਈ ਪ੍ਰਮਾਣ ਹੈ। ਇਹ ਇੱਕ ਟਕਰਾਅ ਹੈ ਜੋ ਤੁਰੰਤ ਧਿਆਨ ਦੇਣ ਦੀ ਮੰਗ ਕਰਦਾ ਹੈ।

ਦਰਅਸਲ, ਇਹ ਹਮਲਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਇਹ ਦਮਨਕਾਰੀ ਸਰਕਾਰਾਂ ਅਤੇ ਖੜੋਤ ਵਾਲੀ ਆਰਥਿਕਤਾ ਨਾਲ ਸਾਲਾਂ ਦੀ ਅਸੰਤੁਸ਼ਟੀ ਦਾ ਨਤੀਜਾ ਸੀ। ਵਿਦਰੋਹ ਜ਼ਮਹੂਰੀਅਤ ਦੀ ਪ੍ਰਾਪਤੀ ਦੀ ਬਜਾਏ ਰੁਜ਼ਗਾਰ, ਭੋਜਨ ਅਤੇ ਸੁਰੱਖਿਆ ਵਰਗੀਆਂ ਬੁਨਿਆਦੀ ਲੋੜਾਂ ਦੁਆਰਾ ਚਲਾਇਆ ਗਿਆ ਸੀ। ਅਮਰੀਕਾ ਅਤੇ ਹੋਰ ਪੱਛਮੀ ਸ਼ਕਤੀਆਂ ਇਸ ਦੇ ਪਿੱਛੇ ਮੂਲ ਰਾਜਨੀਤਿਕ ਅਤੇ ਆਰਥਿਕ ਮੁੱਦਿਆਂ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ ਬਗਾਵਤ ਦਾ ਸਮਰਥਨ ਕਰਨ ਲਈ ਬਹੁਤ ਤੇਜ਼ ਸਨ। ਬਗਾਵਤ ਨੇ ਪੱਛਮੀ ਏਸ਼ੀਆ ਵਿੱਚ ਇੱਕ ਸ਼ਕਤੀ ਖਲਾਅ ਪੈਦਾ ਕਰ ਦਿੱਤਾ, ਜਿਸਨੂੰ ਕੱਟੜਪੰਥੀ ਸਮੂਹਾਂ ਅਤੇ ਤਾਨਾਸ਼ਾਹੀ ਸ਼ਾਸਨ ਦੁਆਰਾ ਭਰ ਦਿੱਤਾ ਗਿਆ। ਪੱਛਮੀ ਏਸ਼ੀਆ ਵਿੱਚ ਅਮਰੀਕੀ ਵਿਦੇਸ਼ ਨੀਤੀ ਨੇ ਖੇਤਰੀ ਅਸਥਿਰਤਾ ਨੂੰ ਵਧਾ ਦਿੱਤਾ ਹੈ ਅਤੇ ਇਸ @ਤੇ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਲੋੜ ਹੈ। ਮੌਜੂਦਾ ਦੌਰ ਵਿੱਚ, ਯਹੂਦੀਆਂ ਵਿਰੁੱਧ ਨਫ਼ਰਤ ਇਜ਼ਰਾਈਲ ਦੇ ਵਿਰੁੱਧ ਰੈਲੀ ਕਰਨ ਬਾਰੇ ਨਹੀਂ ਹੈ ਬਲਕਿ ਲੋੜ ਦੇ ਸਮੇਂ ਅਰਬ ਏਕਤਾ ਦੀ ਅਪੀਲ ਕਰਨ ਬਾਰੇ ਹੈ। ਇਹ ਇਜ਼ਰਾਈਲ ਨੂੰ ਖ਼ਤਮ ਕਰਨ ਬਾਰੇ ਨਹੀਂ ਹੈ, ਪਰ ਦੋਵਾਂ ਪੱਖਾਂ ਲਈ ਸਮਝੌਤਾ ਲੱਭਣਾ ਜਰੂਰੀ ਹੈ, ਉਨ੍ਹਾਂ ਲੋਕਾਂ ਨੂੰ ਅਮਨ - ਅਮਾਨ ਨਾਲ ਜਿਉਣ ਦਾ ਮੌਕਾ ਦੇਣਾ ਹੈ ਜਿਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ ਹੈ। ਇਜ਼ਰਾਈਲ @ਤੇ ਹਮਲਾ ਕਰਨਾ ਫਲਸਤੀਨੀ ਸੰਘਰਸ਼ ਵਿੱਚ ਮਹੱਤਵਪੂਰਨ ਯੋਗਦਾਨ ਨਹੀਂ ਪਾਉਂਦਾ; ਜਦੋਂ ਕਿ ਇਜ਼ਰਾਈਲ ਗਲਤ ਹੈ, ਇਹ ਜਾਣਨਾ ਜ਼ਰੂਰੀ ਹੈ ਕਿ ਉਹ ਇਕੱਲੇ ਅਪਰਾਧੀ ਨਹੀਂ ਹਨ। ਉਹ ਪੁਰਾਣੀਆਂ ਪੀੜ੍ਹੀਆਂ ਦੇ ਕੰਮਾਂ ਦੀ ਕੀਮਤ ਅਦਾ ਕਰ ਰਹੇ ਹਨ ਜੋ ਹੁਣ ਇਸ ਦੁਨੀਆਂ ਤੋਂ ਰੁਕਸਤ ਹੋ ਚੁਕੇ ਹਨ।

ਸੁਤੰਤਰਤਾ ਨੂੰ ਮੁੜ ਪ੍ਰਾਪਤ ਕਰਨ ਲਈ ਫਲਸਤੀਨੀ ਸੰਘਰਸ਼ ਨੂੰ ਕਈ ਅੰਦਰੂਨੀ ਰੁਕਾਵਟਾਂ,

ਸੁਰਜੀਤ ਸਿੰਘ ਫਲੋਰਾ

ਜਿਸ ਵਿੱਚ ਅਸਹਿਮਤੀ, ਭ੍ਰਿਸ਼ਟਾਚਾਰ ਅਤੇ ਪ੍ਰਣਾਲੀਗਤ ਬੇਨਿਯਮੀਆਂ ਸ਼ਾਮਲ ਹਨ, ਦੇ ਕਾਰਨ ਹੋਰ ਰੁਕਾਵਟ ਬਣ ਗਈ ਹੈ। ਇਨ੍ਹਾਂ ਕਾਰਕਾਂ ਨੇ ਬਿਨਾਂ ਸ਼ੱਕ ਟਕਰਾਅ ਦੀ ਲੰਮੀ ਅਤੇ ਗੁੰਝਲਦਾਰ ਪ੍ਰਕਿਰਤੀ ਨੂੰ ਇਜ਼ਰਾਈਲ ਦੀਆਂ ਅਗਾਊਂ ਹਮਲਿਆਂ ਅਤੇ ਰਣਨੀਤਕ ਚਾਲਾਂ ਨਾਲੋਂ ਜ਼ਿਆਦਾ ਹੱਦ ਤੱਕ ਵਧਾ ਦਿੱਤਾ ਗਿਆ ਹੈ। ਫਲਸਤੀਨੀ ਧੜਿਆਂ ਵਿਚ ਡੂੰਘੀ ਫੈਲੀ ਹੋਈ ਮਤਭੇਦ ਨੂੰ ਵਿਚਾਰਧਾਰਕ, ਨਿੱਜੀ ਰੰਜਿਸ਼ਾਂ ਅਤੇ ਗੁਆਂਢੀ ਅਰਬ ਦੇਸ਼ਾਂ ਦੀ ਦਖਲਅੰਦਾਜ਼ੀ ਦੁਆਰਾ ਵਧਾਇਆ ਗਿਆ ਹੈ, ਜਿਨ੍ਹਾਂ ਨੇ ਆਪਣੇ ਰਾਜਨੀਤਿਕ ਏਜੰਡੇ ਨੂੰ ਅੱਗੇ ਵਧਾਉਣ ਲਈ ਫਲਸਤੀਨ ਦੇ ਮੁੱਦੇ ਦਾ ਸ਼ੋਸ਼ਣ ਕੀਤਾ ਹੈ। ਫਲਸਤੀਨੀ ਖੇਤਰੀ ਸੱਤਾ ਦੀ ਰਾਜਨੀਤੀ ਦੀ ਖੇਡ ਵਿੱਚ ਸਿਰਫ਼ ਮੋਹਰੇ ਬਣ ਗਏ ਹਨ, ਸਵੈ-ਨਿਰਣੇ ਲਈ ਉਨ੍ਹਾਂ ਦੀਆਂ ਇੱਛਾਵਾਂ ਰਣਨੀਤਕ ਹਿੱਤਾਂ ਦੀ ਵੇਦੀ @ਤੇ ਕੁਰਬਾਨ ਹੋ ਗਈਆਂ ਹਨ। ਇਸੇ ਤਰ੍ਹਾਂ, ਫਲਸਤੀਨੀ ਸੰਸਥਾਵਾਂ ਦੇ ਅੰਦਰ ਭ੍ਰਿਸ਼ਟਾਚਾਰ ਨਿਰਾਸ਼ਾ ਅਤੇ ਭਰਮ ਦੀ ਅੱਗ ਨੂੰ ਭੜਕਾਉਂਦਾ ਹੈ, ਜਨਤਕ ਵਿਸ਼ਵਾਸ ਅਤੇ ਜਾਇਜ਼ਤਾ ਨੂੰ ਖ਼ਤਮ ਕਰਦਾ ਹੈ। ਸੰਪਰਦਾਇਕ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਾਰਨ ਨੂੰ ਵਿਗਾੜਦੀ ਹੈ ਅਤੇ ਅੰਤਰਰਾਸ਼ਟਰੀ ਸਮਰਥਨ ਨੂੰ ਗੁੰਝਲਦਾਰ ਬਣਾਉਂਦੀ ਹੈ, ਨਾ ਕਿ ਪ੍ਰਤੀਕਾਤਮਕ ਹਮਦਰਦੀ ਪ੍ਰਾਪਤ ਕਰਨ ਦੀ ਬਜਾਏ। ਇਹ ਅੰਦਰੂਨੀ ਚੁਣੌਤੀਆਂ ਬਾਹਰੀ ਕਾਰਕਾਂ ਨਾਲ ਜੁੜੀਆਂ ਹੋਈਆਂ ਹਨ ਜਿਵੇਂ ਕਿ ਗੁਆਂਢੀ ਅਰਬ ਦੇਸ਼ਾਂ ਦੇ ਨਿਹਿਤ ਹਿੱਤ, ਫਲਸਤੀਨੀ ਲੋਕਾਂ ਲਈ ਇੱਕ ਭੁਲੇਖਾ ਪੈਦਾ ਕਰਦੇ ਹਨ।

ਅਮਰੀਕੀ - ਕੈਨੇਡਾ ਦੇ ਨਾਗਰਿਕਾਂ ਸਮੇਤ ਅਣਗਿਣਤ ਲੋਕਾਂ ਦਾ ਫਿਲਸਤੀਨੀ ਲੋਕਾਂ ਨਾਲ ਇਕਮੁੱਠਤਾ ਦਿਖਾਉਣ ਦਾ ਦ੍ਰਿਸ਼ ਸੱਚਮੁੱਚ ਪ੍ਰੇਰਨਾਦਾਇਕ ਹੈ। ਵੀਅਤਨਾਮ, ਇਰਾਕ ਅਤੇ ਪੱਛਮੀ ਏਸ਼ੀਆ ਦੇ ਹੋਰ ਹਿੱਸਿਆਂ ਵਿੱਚ ਜੰਗਾਂ ਦੇ ਜਵਾਬ ਵਿੱਚ ਪੂਰੇ ਸੰਯੁਕਤ ਰਾਜ ਵਿੱਚ ਇਹੋ ਜਿਹੇ ਦ੍ਰਿਸ਼ ਸਾਹਮਣੇ ਆਏ ਹਨ। ਹਾਲਾਂਕਿ ਵਿਰੋਧ ਪ੍ਰਦਰਸ਼ਨ ਸਹੀ ਸਨ, ਪਰ ਉਨ੍ਹਾਂ ਨੇ ਅਮਰੀਕੀ ਵਿਦੇਸ਼ ਨੀਤੀ ਨੂੰ ਨਹੀਂ ਬਦਲਿਆ। ਅਮਰੀਕਾ ਆਪਣੇ ਨਜ਼ਦੀਕੀ ਸਹਿਯੋਗੀਆਂ ਦੇ ਵਿਰੋਧ ਦੇ ਬਾਵਜੂਦ ਕਿਊਬਾ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ @ਤੇ ਸਖ਼ਤ ਪਾਬੰਦੀਆਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ। 70 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਫਲਸਤੀਨ ਉੱਤੇ ਇਜ਼ਰਾਈਲ ਦੀ ਸਿਰਜਣਾ ਤੋਂ ਬਾਅਦ ਫਲਸਤੀਨੀ ਕਾਜ਼ ਲਈ ਇੰਨਾ ਮਜ਼ਬੂਤ ਜਨਤਕ ਸਮਰਥਨ ਮਿਲਿਆ ਹੈ। ਯਹੂਦੀਆਂ @ਤੇ ਹਾਲ ਹੀ ਦੇ ਵਹਿਸ਼ੀਆਨਾ ਹਮਲਿਆਂ ਪ੍ਰਤੀ ਇਜ਼ਰਾਈਲ ਦੇ ਅਸਪਸ਼ਟ ਜਵਾਬ ਦੇ ਕਾਰਨ ਸਮਰਥਨ ਦਾ ਵਾਧਾ ਸੰਭਾਵਤ ਹੈ। ਹਮਾਸ ਦੇ ਹਮਲਿਆਂ ਤੋਂ ਥੋੜ੍ਹੀ ਦੇਰ ਬਾਅਦ, ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਗਾਜ਼ਾ ਵਿੱਚ ਇੱਕ ਫੌਜੀ ਕਾਰਵਾਈ ਸ਼ੁਰੂ ਕੀਤੀ, ਜੋ ਇੱਕ ਮਹੀਨੇ ਤੋਂ ਵੱਧ ਚੱਲੀ। ਫਲਸਤੀਨੀ ਜ਼ਮੀਨ ਇਜ਼ਰਾਈਲ ਵਿੱਚ ਸੁੰਗੜ ਸਕਦੀ ਹੈ। ਇਜ਼ਰਾਈਲ ਦੇ ਜਵਾਬਾਂ ਦੀ ਆਲੋਚਨਾ ਕਰਨ ਲਈ, ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇੱਕ ਬੇਰਹਿਮ ਹਮਲੇ ਲਈ ਇੱਕ ਸਭਿਅਕ ਜਵਾਬੀ ਹਮਲੇ ਦੀ ਲੋੜ ਨਹੀਂ ਹੁੰਦੀ ਹੈ। ਜੋ ਸੰਘਰਸ਼ ਸੰਕਟ ਨੂੰ ਵਿਗਾੜਦਾ ਹੈ; ਸਾਨੂੰ ਇਸ ਨੂੰ ਹੱਲ ਕਰਨ @ਤੇ ਧਿਆਨ ਦੇਣਾ ਚਾਹੀਦਾ ਹੈ। ਪੱਛਮ ਦੇ ਪਤਨ ਦੀਆਂ ਭਵਿੱਖਬਾਣੀਆਂ ਦੇ ਬਾਵਜੂਦ, ਇਹ ਸੰਕਟ ਪੱਛਮ ਨੂੰ ਆਪਣੀਆਂ ਅੰਤਰਰਾਸ਼ਟਰੀ ਅਸਫਲਤਾਵਾਂ ਅਤੇ ਯੂਕਰੇਨ ਵਿੱਚ ਸੰਘਰਸ਼ ਤੋਂ ਧਿਆਨ ਕੇਂਦਰਿਤ ਕਰਨ ਦਾ ਇੱਕ ਮੌਕਾ ਪ੍ਰਦਾਨ ਕਰਦਾ ਹੈ। ਆਰਥਿਕ ਸ਼ਕਤੀ ਵਾਲੇ ਅਰਬ ਦੇਸ਼ ਫਲਸਤੀਨ ਵਿੱਚ ਘੱਟ ਹੀ ਨਿਵੇਸ਼ ਕਰਦੇ ਹਨ, ਸੀਮਤ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਦੇ ਹਨ। ਫਲਸਤੀਨੀ ਨੇਤਾ ਏਕਤਾ ਉੱਤੇ ਸ਼ਕਤੀ ਨੂੰ ਪਹਿਲ ਦਿੰਦੇ ਹਨ। ਕੀ ਫਲਸਤੀਨੀ ਨੇਤਾਵਾਂ ਨੇ ਚੱਲ ਰਹੇ ਸੰਘਰਸ਼ਾਂ ਦੇ ਬਾਵਜੂਦ, ਨਿੱਜੀ ਸੱਤਾ ਲਈ ਰਾਸ਼ਟਰੀ ਏਕਤਾ ਦੀ ਬਲੀ ਦਿੱਤੀ ਜਾ ਰਹੀ ਹੈ ? ਅਫਸੋਸ ! ਸਮੂਹਿਕ ਸਜ਼ਾਵਾਂ ਜਾਂ ਯੁਧ ਸਮੱਸਿਆਵਾਂ ਦਾ ਹੱਲ ਨਹੀਂ ਹੁੰਦੇ। ਅੰਨ੍ਹੇਵਾਹ ਕਤਲ, ਕਿਸੇ ਵੀ ਲੜਾਈ ਜਾਂ ਰੰਜ਼ਸ ਦਾ ਹੱਲ ਨਹੀਂ ਹੁੰਦਾ। ਇਤਿਹਾਸ ਦੱਸਦਾ ਹੈ ਕਿ ਇਹ ਅਸਫ਼ਲ ਰਿਹਾ ਹੈ। ਉਨ੍ਹਾਂ ਨੇ ਬੇਗੁਨਾਹਾਂ ਨੂੰ ਮਾਰਿਆ ਅਤੇ ਦਫ਼ਨਾਇਆ, ਇਹ ਸੋਚ ਕੇ ਕਿ ਉਹ ਮਰ ਗਏ ਹਨ। ਆਖਰਕਾਰ, ਉਹਨਾਂ ਨੂੰ ਅਹਿਸਾਸ ਹੋਵੇਗਾ ਕਿ ਉਹ ਬੀਜ਼ ਸਨ, ਇੱਕ ਸੱਚਾਈ ਜੋ ਉਹਨਾਂ ਨੇ ਕਦੇ ਨਹੀਂ ਸਮਝੀ. ਨਫ਼ਰਤ ਤੇ ਸੱਤਾ ਦੀ ਭੁੱਖ ਨੂੰ ਬੰਦ ਕਰਨਾ ਬਹੁਤ ਜ਼ਰੂਰੀ ਹੈ, ਪਰ ਇਹ ਇਕੱਲੇ ਸੰਘਰਸ਼ ਦੇ ਜ਼ਖ਼ਮਾਂ ਤੇ ਮਲ੍ਹਮ ਨਹੀਂ ਲਾਏਗਾ। ਅਰਬ ਦੇਸ਼ਾਂ ਨੂੰ ਫਿਲਸਤੀਨੀਆਂ ਨੂੰ ਇੱਜ਼ਤ ਨਾਲ ਰਹਿਣ ਲਈ ਇਕਜੁੱਟ ਹੋਣਾ ਚਾਹੀਦਾ ਹੈ। ਖੁਸ਼ਹਾਲ ਅਰਬ ਦੇਸ਼ਾਂ ਦੇ ਲੋਕਾਂ ਵਾਂਗ ਫਲਸਤੀਨੀ ਵੀ ਬਿਹਤਰ ਜ਼ਿੰਦਗੀ ਦੇ ਹੱਕਦਾਰ ਹਨ। ਉਹ ਵੀ ਅਮਨ- ਅਮਾਨ ਆਪਣੇ ਪਰਿਵਾਰਾਂ ਨਾਲ ਖੁਸ਼ੀ ਨਾਲ ਰਹਿਣ ਦਾ ਹੱਕ ਰੱਖਦੇ ਹਨ।



# ਕੀ ਤੁਸੀਂ ਵੀ ਨਿੰਦਕ ਤਾਂ ਨਹੀਂ?



ਤੁਸੀਂ ਓਹੀ ਤਾਂ ਨਹੀਂ ਜੋ ਆਪਣੇ ਮਿੱਤਰ, ਰਿਸ਼ਤੇਦਾਰ,ਸਹਿਕਰਮੀ ਜਾਂ ਗੁਆਂਢੀ ਆਦਿ ਦੇ ਬਾਕੀ ਸਾਰੇ ਗੁਣਾਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਅਤੇ ਸਿਰਫ਼ ਓਹਨਾਂ ਦੀਆਂ ਸ਼ਰੀਰਕ ਕਮੀਆਂ ਵੱਲ ਧਿਆਨ ਦਿੰਦੇ ਹੋ। ਇੰਨਾ ਹੀ ਨਹੀਂ ਸਾਹਮਣੇ ਵਾਲੇ ਨੂੰ ਓਹਨਾਂ ਦੀਆਂ ਸ਼ਰੀਰਕ ਕਮੀਆਂ ਨਾਲ ਅਕਸਰ ਹੀ ਜਾਣੂ ਕਰਵਾਉਣਾ, ਤੁਸੀਂ ਆਪਣਾ ਫ਼ਰਜ਼ ਸਮਝਦੇ ਹੋ। ਅੰਕਲ ਜੀ, ਹਾਏ ਤੁਸੀਂ ਕਿੰਨੇ ਮੋਟੇ ਹੋ ਗਏ ਹੋ ! ਯਾਰ , ਤੇਰੀਆਂ ਅੱਖਾਂ ਕਿੰਨੀਆਂ ਛੋਟੀਆਂ ਹਨ ! ਮੈਡਮ ਜੀ ਤੁਹਾਡੇ ਵਾਲ ਤਾਂ ਬਹੁਤ ਹੀ ਜਿਆਦਾ ਰੁੱਖੇ ਹਨ ! ਆਂਟੀ ਜੀ, ਤੁਹਾਡਾ ਕੱਦ ਤਾਂ ਬਹੁਤ ਹੀ ਛੋਟਾ ਹੈ ! ਕੀ ਪੱਖੇ ਦੇ ਬਟਨ ਤੱਕ ਤੁਹਾਡਾ ਹੱਥ ਪੁੱਜ ਜਾਂਦਾ ਹੈ ? ਆਦਿ।ਅਜਿਹਾ ਪ੍ਰਤੀਤ ਹੁੰਦਾ ਹੈ ਕਿ ਜੇਕਰ ਇਹ ਲੋਕ ਆਪਣੀ ਇਹ ਨੈਤਿਕ ਜਿੰਮੇਵਾਰੀ ਇਸ ਤਰ੍ਹਾਂ ਨਾ ਨਿਭਾਉਣ ਤਾਂ ਲੋਕਾਂ ਨੂੰ ਆਪਣੀ ਕਮਜਰੀਆਂ ਦਾ ਪਤਾ ਹੀ ਨਹੀਂ ਲੱਗੇਗਾ ਅਤੇ ਸਮਾਜ ਪਤਨ ਵੱਲ ਚਲਾ ਜਾਵੇਗਾ । ਉਂਝ ਤਾਂ ਸੰਤ ਕਬੀਰ ਜੀ ਨੇ ਸਹੀ ਕਿਹਾ ਹੈ - ਨਿੰਦਕ ਨਿਯਰੇ ਰਾਖੀਏ÷ ਦੋਹੇ ਦਾ ਅਰਥ ਹੈ ਕਿ ਸਾਨੂੰ ਨਿੰਦਾ ਕਰਨ ਵਾਲੇ ਇਨਸਾਨ ਨੂੰ ਹਮੇਸ਼ਾ ਆਪਣੇ ਨਾਲ ਰੱਖਣਾ ਚਾਹੀਦਾ ਹੈ ਕਿਉਂਕਿ ਇਹੋ ਜਿਹਾ ਇਨਸਾਨ ਸਾਡੇ ਅੰਦਰ ਦੇ ਔਗੁਣਾਂ ਅਤੇ ਕਮਜੋਰੀਆਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ, ਜਿਸ ਨਾਲ ਅਸੀਂ ਬਿਨਾਂ ਪਾਣੀ ਅਤੇ ਸਾਬਣ ਦੇ ਹੀ ਨਿਰਮਲ ਹੋ ਜਾਂਦੇ ਹਾਂ ਪਰ ਕੁਝ ਲੋਕਾਂ ਨੇ ਇਸ ਦੋਹੇ ਦਾ ਭਿੰਨ ਅਰਥ ਮੰਨਕੇ ਦੂਜਿਆਂ ਨੂੰ ਨੀਵਾਂ ਵਿਖਾਉਣ ਦਾ ਜਿੰਮਾ ਹੀ ਲੈ ਲਿਆ ਹੈ। ਸੰਤ ਕਬੀਰ ਦੇ ਇਸ ਦੋਹੇ ਵਿਚ ਓਹਨਾਂ ਦਾ ਭਾਵ ਆਂਤਰਿਕ ਦੋਸ਼ਾਂ ਤੇ ਕਮੀਆਂ ਜਿਵੇਂ ਦਵੇਖ, ਕ੍ਰੋਧ, ਈਰਖਾ ਆਦਿ ਭਾਵਾਂ ਨਾਲ ਹੈ। ਇਸ ਵਿਚ ਓਹਨਾਂ ਨੇ ਇਹੋ ਜਿਹੀਆਂ ਸ਼ਰੀਰਕ ਕਮੀਆਂ ਦੀ ਗੱਲ ਨਹੀਂ ਕੀਤੀ ਜੋ ਰੱਬ ਵੱਲੋਂ ਹੀ ਬਣਾਈਆਂ ਗਈਆਂ ਹਨ ਅਤੇ ਜਿਨ੍ਹਾਂ ਵਿਚ ਸੁਧਾਰ ਦੀ ਕੋਈ ਗੁੰਜਾਇਸ਼ ਨਾ ਹੋਵੇ। ਕਿਹਾ ਵੀ ਗਿਆ ਹੈ - ÷ ਦੁਨਿਆਂ ਵਿੱਚ ਕੋਈ ਵੀ ਸੰਪੂਰਨ ਨਹੀਂ ਹੈ ÷ .. ਭਾਵ ਰੱਬ ਨੇ ਕਿਸੇ ਨੂੰ ਵੀ ਸੰਪੂਰਨ ਨਹੀਂ ਬਣਾਇਆ ਕਿਉਂਕਿ ਇਹ ਨਿੱਕੀਆਂ ਨਿੱਕੀਆਂ ਕਮੀਆਂ ਸਾਨੂੰ ਹੋਰ ਵੀ ਆਕਰਸ਼ਕ ਬਣਾਉਣ ਦੇ ਨਾਲ - ਨਾਲ ਹਉਮੈਂ ਅਤੇ ਹੰਕਾਰ ਤੋਂ ਵੀ ਦੂਰ ਰੱਖਦੀਆਂ ਹਨ,ਤਾਂ ਰੱਬ ਦੇ ਕੀਤੇ ਇਹਨਾਂ ਕਾਰਜਾਂ ਤੇ ਉਂਗਲ ਚੁੱਕਣ ਵਾਲੇ , ਕਮੀਆਂ ਕੱਢਣ ਵਾਲੇ ਅਸੀਂ ਬੁੱਧੀਜੀਵੀ ਕਿਵੇਂ ਹੋਏ ? ਉਂਝ ਤਾਂ ਹਰ ਮਨੁੱਖ ਨੂੰ ਜਿਸ ਤਰ੍ਹਾਂ ਆਪਣੇ ਸ਼ਰੀਰਕ ਗੁਣਾਂ ਅਤੇ ਤਾਕਤਾਂ ਦਾ ਗਿਆਨ ਹੁੰਦਾ ਹੈ, ਓਸੇ ਤਰ੍ਹਾਂ ਉਸਨੂੰ ਆਪਣੇ ਸ਼ਰੀਰਕ ਔਗੁਣਾਂ ਅਤੇ ਕਮੀਆਂ ਬਾਰੇ ਵੀ ਪਤਾ ਹੁੰਦਾ ਹੈ। ਇਸ ਲਈ ਇਹ ਜਰੂਰੀ ਨਹੀਂ ਕਿ ਅਸੀਂ ਨਿੱਤ ਹੀ ਦੂਜਿਆਂ ਦੀ ਸ਼ਰੀਰਕ ਕਮੀਆਂ ਵੱਲ ਉਂਗਲ ਕਰਕੇ , ਵਾਰ - ਵਾਰ ਉਹਨਾਂ ਦੀ ਕਮੀਆਂ ਦਾ ਅਹਿਸਾਸ ਕਰਵਾਕੇ ਓਹਨਾਂ ਨੂੰ ਨੀਵਾਂ ਮਹਿਸੂਸ ਕਰਵਾਈਏ। ਓਹ ਲੋਕ ਜੋ ਦੂਜਿਆਂ ਵਿਚ ਹਮੇਸ਼ਾ ਕਮੀਆਂ ਅਤੇ ਗਲਤੀਆਂ ਦੇਖਦੇ ਹਨ, ਓਹਨਾਂ ਨੂੰ ਅੰਗਰੇਜ਼ੀ ਵਿਚ ਸਾਇਨਿਕ ਕਿਹਾ ਜਾਂਦਾ ਹੈ। ਮਨੋਵਿਗਿਆਨਕ ਤੌਰ ਤੇ ਗੱਲ ਕਰੀਏ ਤਾਂ ਜੋ ਲੋਕ ਦੂਜਿਆਂ ਵਿਚ ਕਮੀਆਂ ਲੱਭਦੇ ਹਨ, ਓਹਨਾਂ ਦੇ ਆਪਣੇ ਮਨ ਵਿਚ ਜਰੂਰ ਹੀ ਕੋਈ ਡੂੰਘੀ ਅਸੁਰੱਖਿਆ ਦੀ ਭਾਵਨਾ ਹੁੰਦੀ ਹੈ। ਓਹ ਆਪਣੀਆਂ ਕਮੀਆਂ ਉਜਾਗਰ ਹੋਣ ਤੋਂ ਡਰਦੇ, ਪਹਿਲਾਂ ਹੀ ਦੂਜਿਆਂ ਦੀਆਂ ਕਮੀਆਂ ਗਿਨਾਉਣਾ ਸ਼ੁਰੂ ਕਰ ਦਿੰਦੇ ਹਨ। ਓਹਨਾਂ ਨੇ ਬਾਲਪਨ ਵਿਚ ਬਹੁਤ ਸੰਘਰਸ਼ ਕੀਤਾ ਹੁੰਦਾ ਹੈ। ਇਹ ਅਸੁਰੱਖਿਆ ਦੀ ਹੀ ਨਿਸ਼ਾਨੀ ਹੈ ਕਿ ਤੁਸੀ ਵਾਰ - ਵਾਰ ਲੋਕਾਂ ਨੂੰ ਪਰਖਦੇ ਹੋਏ ਓਹਨਾਂ ਦੀਆਂ ਕਮੀਆਂ ਲੱਭਦੇ ਹੋ। ਲੋਕ ਜਦੋਂ ਦੂਜਿਆਂ ਨਾਲ ਈਰਖਾ ਕਰਦੇ ਹਨ, ਤੱਦ ਵੀ ਓਹਨਾਂ ਵਿਚ ਕਮੀਆਂ ਲੱਭਦੇ ਹਨ। ਦੂਜਿਆਂ ਵਿਚ ਕਮੀਆਂ ਲੱਭਣਾ ਜਿਨ੍ਹਾਂ ਸੋਖਾ ਹੈ, ਖ਼ੁਦ ਦੀ ਗਲਤੀਆਂ ਦਾ ਅਹਿਸਾਸ ਕਰਨਾ ਉਨ੍ਹਾਂ ਹੀ ਔਖਾ। ਇਸ ਲਈ ਦੂਜਿਆਂ ਦੀ ਕਮੀਆਂ,ਗਲਤੀਆਂ,ਦੋਸ਼ ਲੱਭਣ ਤੋਂ ਬੇਹਤਰ ਹੈ ਕਿ ਅਸੀਂ ਆਪਣੀਆਂ ਖ਼ੁਦ ਦੀਆਂ ਗਲਤੀਆਂ ਲੱਭੀਏ ਅਤੇ ਓਹਨਾਂ ਨੂੰ ਸੁਧਾਰੀਏ ਤਾਕਿ ਇਕ ਬੇਹਤਰ ਇਨਸਾਨ ਤੇ ਸਮਾਜ ਦਾ ਨਿਰਮਾਣ ਹੋ ਸਕੇ।

**ਵੱਲੋਂ: ਅੰਸ਼ੁਲ ਹਿੰਦੀ ਅਧਿਆਪਕ**
**ਗਣੇਸ਼ ਵਿਹਾਰ ਅਬੋਹਰ**
**ਮੋਬਾਇਲ ਨੰਬਰ** :-95306 11415

# ਸੁਰੰਗ ਅੰਦਰ ਜ਼ਿੰਦਗੀ : ਘੁੱਪ ਹਨੇਰੇ 'ਚ ਨਾ ਫ਼ੋਨ, ਨਾ ਟਿਫ਼ਿਨ ਅਤੇ ਘੰਟਿਆਂ ਤੱਕ ਦੁਨੀਆ ਤੋਂ ਦੂਰ

ਘੁੱਪ ਹਨੇਰਾ, ਟੌਰਚ ਦੀ ਰੌਸ਼ਨੀ ਵਿੱਚ ਕੰਮ। ਮੱਥੇ ਉੱਤ ਖ਼ਾਸ ਹੈਲਮੇਟ ਅਤੇ ਉਸ ਦੇ ਅਗਲੇ ਹਿੱਸੇ ਵਿੱਚ ਚਲਦੀ ਟੌਰਚ। ਲੱਕ ਵਿੱਚ ਬੰਨ੍ਹੀ ਬੈਲਟ ਵਿੱਚ ਟੰਗੀ ਬੈਟਰੀ। ਉਸ ਬੈਟਰੀ ਨਾਲ ਤਾਰ ਸਹਾਰੇ ਜੁੜੀ ਟੌਰਚ ਜੇ ਬੰਦ ਹੋ ਜਾਵੇ ਤਾਂ ਖ਼ੁਦ ਦਾ ਹੱਥ ਵੀ ਨਾ ਦਿਖੇ। ਆਪਣੇ ਕੰਮ ਦੀ ਥਾਂ ਤੋਂ ਦੂਜੀ ਥਾਂ ਜਾਣ ਦੀ ਮਨਾਹੀ। ਧਰਤੀ ਅੰਦਰ ਕੰਮ ਕਰਨ ਵਾਲੀ ਥਾਂ (ਖਾਨ ਜਾਂ ਸੁਰੰਗ) ਵਿੱਚ ਪਖਾਨੇ ਦਾ ਇੰਤਜ਼ਾਮ ਨਾ ਹੋਣਾ। ਫ਼ੋਨ ਲਿਜਾਣ ਦੀ ਮਨਾਹੀ, ਖਾਣੇ ਦਾ ਟਿਫ਼ਿਨ ਵੀ ਨਹੀਂ। ਆਮ ਤੌਰ ਉੱਤੇ 2 ਲੀਟਰ ਦੀ ਪਾਣੀ ਦੀ ਬੋਤਲ ਤੇ ਕੰਮ ਦੇ ਅੱਠ ਘੰਟੇ ਤੱਕ ਬਾਹਰ ਦੀ ਦੁਨੀਆ ਨਾਲ ਕੋਈ ਸੰਪਰਕ ਨਹੀਂ। ਅਜਿਹੀ ਹੁੰਦੀ ਹੈ ਧਰਤੀ ਦੇ ਸਤਿਹ ਤੋਂ ਕਈ ਮੀਟਰ ਅੰਦਰ ਡੂੰਘੀ ਖਾਨ ਜਾਂ ਸੁਰੰਗ ਵਿੱਚ ਕੰਮ ਕਰਨ ਵਾਲੇ ਕਿਸੇ ਮਜ਼ਦੂਰ (ਮਾਇਨਰ) ਦੀ ਜ਼ਿੰਦਗੀ। ਉੱਤਰਕਾਸ਼ੀ ਵਿੱਚ ਹੋਏ ਸੁਰੰਗ ਹਾਦਸੇ ਤੋਂ ਬਾਅਦ ਧਰਤੀ ਅੰਦਰ ਕੰਮ ਕਰਨ ਵਾਲੇ ਅਜਿਹੇ ਹੀ ਕੁਝ ਲੋਕਾਂ ਨਾਲ ਬੀਬੀਸੀ ਨੇ ਗੱਲਬਾਤ ਕੀਤੀ, ਤਾਂ ਜੋ ਇਹ ਸਮਝ ਸਕੀਏ ਕਿ ਖਾਨ ਜਾਂ ਸੁਰੰਗ ਅੰਦਰ ਲੋਕ ਕਿਹੜੇ ਹਾਲਾਤ ਵਿੱਚ ਆਪਣਾ ਕੰਮ ਕਰਦੇ ਹਨ। ਉਸ ਵੇਲੇ ਉਨ੍ਹਾਂ ਨੂੰ ਕਿਹੜੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਗੱਲਬਾਤ ਲਈ ਅਸੀਂ ਕੁਝ ਅਜਿਹੇ ਹੀ ਲੋਕਾਂ ਨੂੰ ਚੁਣਿਆ, ਜਿੰਨ੍ਹਾ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ (ਔਸਤਨ 25 ਸਾਲ) ਧਰਤੀ ਅੰਦਰ ਖਾਨ ਵਿੱਚ ਕੰਮ ਕਰਦਿਆਂ ਗੁਜ਼ਾਰਿਆ ਹੈ। ਹਾਲਾਂਕਿ ਹੁਣ ਉਹ ਲੰਘੇ ਕੁਝ ਸਾਲਾਂ ਤੋਂ ਓਪਨ ਕਾਸਟ ਮਾਈਨਜ਼ (ਖੁਲ੍ਹੀ ਖਾਨ) ਵਿੱਚ ਕੰਮ ਕਰਨ ਲੱਗੇ ਹਨ। ਦੇਸ਼ ਦੇ ਕੋਲ ਕੈਪਿਟਲ ਕਹੇ ਜਾਂਦੇ ਧਨਬਾਦ ਦੇ ਚਰਚਿਤ ਝਰੀਆ ਦੀ ਇੱਕ ਕੋਲੇ ਦੀ ਖਾਨ ਵਿੱਚ ਕੰਮ ਕਰਨ ਵਾਲੇ ਪੋਖਨ ਸਾਵ ਅਜਿਹੇ ਹੀ ਸ਼ਖ਼ਸ ਹਨ। 49 ਸਾਲ ਦੇ ਪੋਖਨ ਸਾਵ ਹੁਣ ਸੀਨੀਅਰ ਓਵਰਮੈਨ ਹਨ। ਮਹਿਜ਼ 21 ਸਾਲ ਦੀ ਉਮਰ 'ਚ ਸਾਲ 1995 ਵਿੱਚ ਇਨ੍ਹਾਂ ਨੇ ਮਾਈਨਿੰਗ ਵਰਕਰ (ਖਾਨ ਮਜ਼ਦੂਰ) ਦੇ ਤੌਰ ਉੱਤੇ ਕੰਮ ਕਰਨਾ ਸ਼ੁਰੂ ਕੀਤਾ। ਹੁਣ ਉਹ ਰੈਸਕਿਊ ਟੀਮ ਨੂੰ ਵੀ ਲੀਡ ਕਰਦੇ ਹਨ।



## ਜਦੋਂ ਪਹਿਲੀ ਵਾਰ ਖਾਨ ਅੰਦਰ ਗਏ...

ਪੋਖਨ ਸਾਵ ਜਦੋਂ ਖਾਨ ਅੰਦਰ ਪਹਿਲੀ ਵਾਰ ਗਏ ਤਾਂ ਨਾਲ ਤਜਰਬੇਕਾਰ ਸਾਥੀਆਂ ਦੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਡਰ ਲੱਗਿਆ। ਇਹ ਸੋਚ ਕੇ ਘਬਰਾਉਂਦੇ ਰਹੇ ਕਿ ਅੰਦਰ ਕੋਈ ਅਨਹੋਨੀ ਹੋ ਗਈ ਤਾਂ ਕੀ ਹੋਵੇਗਾ। ਸ਼ੁਰੂਆਤੀ ਦਿਨਾਂ ਵਿੱਚ ਖਾਨ 'ਚ ਕਿਸ ਰਸਤੇ ਤੋਂ ਗਏ ਅਤੇ ਬਾਹਰ ਕਿਵੇਂ ਨਿਕਲੇ, ਇਹ ਤਾਂ ਪਤਾ ਨਹੀਂ ਚਲਦਾ ਸੀ ਪਰ ਹੌਲੀ-ਹੌਲੀ ਇਸ ਬਾਰੇ ਪਤਾ ਲੱਗਿਆ। ਉਨ੍ਹਾਂ ਨੇ ਬੀਬੀਸੀ ਨੂੰ ਕਿਹਾ, "ਖਾਨ ਵਿੱਚ ਜਾਣ ਤੋਂ ਪਹਿਲਾਂ ਵੋਕੇਸ਼ਨਲ ਟ੍ਰੇਨਿੰਗ ਸੈਂਟਰ (ਵੀਟੀਸੀ) ਵਿੱਚ ਪੂਰੀ ਟ੍ਰੇਨਿੰਗ ਦਿੱਤੀ ਗਈ ਸੀ। ਇਹ ਦੱਸਿਆ ਗਿਆ ਸੀ ਕਿ ਅੰਦਰ ਕੀ-ਕੀ ਹੁੰਦਾ ਹੈ। ਕਿਵੇਂ ਕੰਮ ਕਰਨਾ ਹੈ, ਕਿਵੇਂ ਸੰਚਾਰ ਹੋਵੇਗਾ ਜਾਂ ਫ਼ਿਰ ਐਮਰਜੈਂਸੀ ਹਾਲਾਤ ਵਿੱਚ ਕਿਵੇਂ ਰਹਿਣਾ ਹੈ। ਸਾਨੂੰ ਇੱਕ ਡਮੀ (ਆਰਜ਼ੀ) ਖਾਨ ਅੰਦਰ ਪ੍ਰੈਕਟਿਸ ਵੀ ਕਰਵਾਈ ਗਈ ਸੀ। ਇਸ ਦੇ ਬਾਵਜੂਦ ਮੈਨੂੰ ਡਰ ਲੱਗ ਰਿਹਾ ਸੀ। ਪਹਿਲੇ ਦਿਨ ਮੈਂ ਸਿਰਫ਼ 2-3 ਘੰਟੇ ਹੀ ਖਾਨ ਅੰਦਰ ਰਿਹਾ। ਫ਼ਿਰ ਹੌਲੀ-ਹੌਲੀ ਆਦਤ ਬਣ ਗਈ ਤਾਂ ਡਰ ਲੱਗਣਾ ਬੰਦਾ ਹੋ ਗਿਆ।" ਝਾਰਖੰਡ ਦੇ ਪਾਰਸਨਾਥ ਦੇ ਰਹਿਣ ਵਾਲੇ ਪੋਖਨ ਸਾਵ ਨੇ ਦੱਸਿਆ ਕਿ ਖਾਨ ਅੰਦਰ ਜਾਣ ਤੋਂ ਪਹਿਲਾਂ ਮਾਈਨਿੰਗ ਯੂਨੀਫਾਰਮ ਪਹਿਨੀ ਜਾਂਦੀ ਹੈ। ਵਿਸ਼ੇਸ਼ ਤਰ੍ਹਾਂ ਦੇ ਜੁੱਤੇ, ਜ਼ਰੂਰੀ ਮਸ਼ੀਨਾਂ ਅਤੇ ਲੱਕ ਉੱਤੇ ਬੈਲਟ ਲਗਾਉਣੀ ਹੁੰਦੀ ਹੈ। "ਇਸ ਵਿੱਚ ਬੈਟਰੀ ਲੱਗੀ ਹੁੰਦੀ ਹੈ, ਪਹਿਲਾਂ ਇਸ ਦਾ ਭਾਰ 5 ਕਿੱਲੋ ਹੁੰਦਾ ਸੀ। ਹੁਣ ਇਹ ਬੈਟਰੀ 250 ਗ੍ਰਾਮ ਦੀ ਹੁੰਦੀ ਹੈ। ਇਸ ਨੂੰ ਪਤਲੀ ਤਾਰ ਰਾਹੀਂ ਸਾਡੀ ਕੈਪ ਲਾਈਟ (ਹੈਲਮੇਟ ਦੇ ਅਗਲੇ ਹਿੱਸੇ ਵਿੱਚ ਲੱਗੀ ਟੌਰਚ) ਨਾਲ ਜੋੜਿਆ ਜਾਂਦਾ ਹੈ। ਉਸੇ ਕੈਪ ਲਾਈਟ ਦੀ ਰੌਸ਼ਨੀ ਨਾਲ ਅਸੀਂ ਕੰਮ ਕਰਦੇ ਹਾਂ। ਹਾਲਾਂਕਿ, ਖਾਨ ਵਿੱਚ ਥਾਂ-ਥਾਂ ਰੌਸ਼ਨੀ ਦਾ ਵੀ ਇੰਤਜ਼ਾਮ ਹੁੰਦਾ ਹੈ ਪਰ ਸਾਡਾ ਕੰਮ ਸਾਡੀ ਕੈਪ ਲਾਈਟ ਨਾਲ ਹੀ ਹੁੰਦਾ ਹੈ।"

### ਖਾਣ-ਪੀਣ ਦਾ ਇੰਤਜ਼ਾਮ

ਪੋਖਨ ਸਾਵ ਨੇ ਕਿਹਾ, "ਅਸੀਂ ਆਪਣੇ ਨਾਲ ਪਾਣੀ ਦੀ ਬੋਤਲ ਵੀ ਰੱਖਦੇ ਹਾਂ। ਨਿਯਮਾਂ ਮੁਤਾਬਕ (ਮਾਈਨਜ਼ ਰੂਲਜ਼ ਐਂਡ ਰੈਗੂਲੇਸ਼ਨ) ਪੀਣ ਦੇ ਪਾਣੀ ਦੀ ਸਪਲਾਈ ਪਾਈਪਲਾਈਨ ਰਾਹੀਂ ਹੋਣੀ ਚਾਹੀਦੀ ਹੈ ਪਰ ਅਜਿਹਾ ਨਹੀਂ ਹੁੰਦਾ, ਇਸ ਲਈ ਅਸੀਂ ਆਪਣੀ ਪਾਣੀ ਦੀ ਬੋਤਲ ਨਾਲ ਲੈ ਕੇ ਜਾਂਦੇ ਹਾਂ। ਖਾਣੇ ਦਾ ਟਿਫਿਨ ਲੈ ਕੇ ਜਾਣ ਦਾ ਰੁਝਾਨ ਨਹੀਂ ਹੈ।" "ਪਹਿਲਾਂ ਕੁਝ ਖਾਨਾਂ ਵਿੱਚ ਕੰਨਟੀਨ ਵੀ ਹੁੰਦੀ ਸੀ ਪਰ ਹੁਣ ਅਜਿਹਾ ਨਹੀਂ ਹੈ। ਹੁਣ ਜ਼ਿਆਦਾਤਰ ਓਪਨ ਕਾਸਟ ਮਾਈਨਜ਼ ਹਨ। ਜੋ ਅੰਡਰ ਮਾਈਨਜ਼ ਹਨ, ਉਨ੍ਹਾਂ ਵਿੱਚ ਵੀ ਕੰਨਟੀਨ ਨਹੀਂ ਹੈ। ਲਿਹਾਜ਼ਾ, ਖਾਨ ਮਜ਼ਦੂਰ ਡਿਊਟੀ ਉੱਤੇ ਆਉਣ ਤੋਂ ਪਹਿਲਾਂ ਘਰ ਹੀ ਖਾ ਲੈਂਦੇ ਹਨ। ਸਾਡੀ ਅੱਠ ਘੰਟੇ ਦੀ ਸ਼ਿਫ਼ਟ ਹੁੰਦੀ ਹੈ ਤੇ ਇਸ ਦੌਰਾਨ ਭੁੱਖ ਨਹੀਂ ਲੱਗਦੀ। ਸ਼ਿਫ਼ਟ ਤੋਂ ਬਾਅਦ ਖਾਨ ਤੋਂ ਬਾਹਰ ਸਾਫ਼-ਸਫ਼ਾਈ ਅਤੇ ਕਾਗਜ਼ੀ ਕੰਮ ਕਰਨੇ ਹੁੰਦੇ ਹਨ। ਉਸ ਤੋਂ ਬਾਅਦ ਅਸੀਂ ਘਰ ਪਰਤ ਕੇ ਹੀ ਖਾਣ ਖਾ ਪਾਂਦੇ ਹਾਂ।"

### ਆਕਸੀਜਨ ਦੀ ਸਪਲਾਈ

ਉਨ੍ਹਾਂ ਨੇ ਬੀਬੀਸੀ ਨੂੰ ਕਿਹਾ, "ਖਾਨ ਵਿੱਚ ਆਕਸੀਜਨ ਦੀ ਸਪਲਾਈ ਲਈ 2 ਰਾਸਤੇ ਹੁੰਦੇ ਹਨ। ਪੱਖਿਆਂ ਰਾਹੀਂ ਸਾਧਾਰਨ ਹਵਾ ਖਾਨ ਅੰਦਰ ਭੇਜੀ ਜਾਂਦੀ ਹੈ, ਜੋ ਦੂਜੇ ਰਾਸਤੇ ਤੋਂ ਬਾਹਰ ਨਿਕਲਦੀ ਹੈ। ਪੂਰੇ ਤਰੀਕੇ ਨਾਲ ਵੈਂਟੀਲੇਸ਼ਨ ਹੁੰਦੀ ਹੈ ਇਸ ਲਈ ਸਾਹ ਲੈਣ ਲਈ ਕਦੇ ਆਕਸੀਜਨ ਦੀ ਦਿੱਕਤ ਮਹਿਸੂਸ ਨਹੀਂ ਹੁੰਦੀ। ਆਕਸੀਜਨ ਦਾ ਲੈਵਲ 90 ਫੀਸਦੀ ਤੋਂ ਘੱਟ ਨਹੀਂ ਹੁੰਦਾ।" "ਸਾਨੂੰ ਸੈਲਫ਼ ਰੈਸਕਿਊਰ ਵੀ ਦਿੱਤਾ ਜਾਂਦਾ ਹੈ। ਉਸ ਦਾ ਭਾਰ ਡੇਢ ਕਿੱਲੋ ਦਾ ਹੁੰਦਾ ਹੈ ਤਾਂ ਕਈ ਵਾਰ ਮਜ਼ਦੂਰ ਉਸ ਨੂੰ ਲੈ ਕੇ ਵੀ ਨਹੀਂ ਜਾਂਦੇ ਹਨ। ਇਹ ਵੱਡੀ ਲਾਪਰਵਾਹੀ ਹੈ, ਇਸ ਦੇ ਬਾਵਜੂਦ ਕਦੇ ਆਕਸੀਜਨ ਦੀ ਦਿੱਕਤ ਨਹੀਂ ਹੁੰਦੀ। ਮੈਂ ਆਪਣੀ 28 ਸਾਲ ਦੀ ਨੌਕਰੀ ਵਿੱਚ ਕਦੇ ਆਕਸੀਜਨ ਦੀ ਘਾਟ ਮਹਿਸੂਸ ਨਹੀਂ ਕੀਤੀ।" ਕਈ ਵਾਰ ਲੋਕ ਖਾਨ ਅੰਦਰ ਪੌੜੀਆਂ ਤੋਂ ਪੈਦਲ ਚੱਲ ਕੇ ਜਾਂਦੇ ਹਨ। ਪਰ ਖਾਨ ਡੂੰਘੀ ਹੋਣ 'ਤੇ ਮਜ਼ਦੂਰਾਂ ਨੂੰ ਲਿਫ਼ਟ (ਪੀਟ) ਰਾਹੀਂ ਵੀ ਲਿਜਾਇਆ ਜਾਂਦਾ ਹੈ। ਇਸ ਨੂੰ ਚਾਨਕ ਵੀ ਕਹਿੰਦੇ ਹਨ। ਖਾਨ ਜਾਂ ਸੁਰੰਗ ਅੰਦਰ ਕੰਮ ਕਰਨ ਵਾਲਿਆਂ ਲਈ ਇਹ ਆਮ ਗੱਲਾਂ ਹਨ ਜੋ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਹਨ।

### ਧਰਤੀ ਅੰਦਰ ਕੰਮ ਕਰਨ ਦੇ ਖ਼ਤਰੇ

ਧਰਤੀ ਦੀ ਸਤਿਹ ਤੋਂ ਕਈ 100 ਮੀਟਰ ਅੰਦਰ ਕਈ ਮੀਟਰ ਡੂੰਘੀ ਖਾਨ ਦੀਆਂ ਸੁਰੰਗਾਂ ਵਿੱਚ ਕੰਮ ਕਰਨ ਦੇ ਖ਼ਤਰੇ ਵੀ ਹਨ। ਇਹ ਕੁਦਰਤ ਦੇ ਵਿਰੁੱਧ ਕੰਮ ਹੈ, ਇਸ ਲਈ ਇਸ ਦੀ ਆਪਣੀਆਂ ਚੁਣੌਤੀਆਂ ਅਤੇ ਖ਼ਤਰੇ ਹਨ। ਸਾਲ 1993 ਵਿੱਚ ਬਿਹਾਰ ਦੇ ਸੁਗੌਲੀ ਤੋਂ ਝਾਰਖੰਡ ਵਿੱਚ ਆ ਕੇ ਮਜ਼ਦੂਰ ਦੇ ਤੌਰ ਉੱਤੇ ਨੌਕਰੀ ਸ਼ੁਰੂ ਕਰਨ ਵਾਲੇ ਤੇ ਹੁਣ ਕਲਰਕ ਚੰਦੇਸ਼ਵਰ ਕੁਮਾਰ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਿਸੇ ਵੀ ਸੁਰੰਗ ਜਾਂ ਖਾਨ ਵਿੱਚ ਜਾਣ ਦਾ ਮਤਲਬ ਹੀ ਹੈ ਕਿ ਤੁਸੀਂ ਬਾਹਰੀ ਦੁਨੀਆ ਤੋਂ ਕੱਟ ਚੁੱਕੇ ਹੋ। "ਤੁਹਾਡੇ ਕੋਲ ਕੋਈ ਫ਼ੋਨ ਨਹੀਂ ਹੈ ਅਤੇ ਨਾ ਹੀ ਖਾਣੇ ਦਾ ਇੰਤਜ਼ਾਮ। ਤੁਸੀਂ ਆਪਣੀ ਵਿਵਸਥਾ ਸਿਰਫ਼ ਅੱਠ ਘੰਟੇ ਦੀ ਸ਼ਿਫ਼ਟ ਮੁਤਾਬਕ ਹੀ ਰੱਖਦੇ ਹੋ। ਸਭ ਤੋਂ ਵੱਡਾ ਰਿਸਕ ਤਾਂ ਇਹੀ ਹੈ।" ਉੱਤਰਕਾਸ਼ੀ ਸੁਰੰਗ ਹਾਦਸੇ ਵਿੱਚ ਫਸੇ ਮਜ਼ਦੂਰਾਂ ਦਾ ਉਦਾਹਰਣ ਦਿੰਦੇ ਹੋਏ ਉਹ ਕਹਿੰਦੇ ਹਨ, "ਉਨ੍ਹਾਂ ਮਜ਼ਦੂਰਾਂ ਦੇ ਕੋਲ ਸਿਰਫ਼ ਆਪਣੀ ਸ਼ਿਫ਼ਟ ਦਾ ਇੰਤਜ਼ਾਮ ਰਿਹਾ ਹੋਵੇਗਾ। ਅਜਿਹੇ ਵਿੱਚ ਜੇ ਉਨ੍ਹਾਂ ਨੂੰ ਖਾਣਾ-ਪਾਣੀ ਨਹੀਂ ਪਹੁੰਚਾਇਆ ਜਾਂਦਾ, ਤਾਂ ਕੋਈ ਕਿੰਨੇ ਦਿਨ ਤੱਕ ਰਹਿ ਸਕੇਗਾ।" ਚੰਦੇਸ਼ਵਰ ਨੇ ਕਿਹਾ, "ਕੋਲੇ ਦੀ ਖਾਨ ਵਿੱਚ ਕੰਮ ਕਰਨਾ ਤਾਂ ਹੋਰ ਵੀ ਵੱਡਾ ਜੋਖ਼ਮ ਹੈ। ਉੱਥੋਂ ਮਿਥੇਨ ਗੈਸ ਨਿਕਲਦੀ ਹੈ, ਜੋ ਕਿ ਜਵਲਨਸ਼ੀਲ ਹੈ, ਖ਼ਤਰਾ ਪੈਦਾ ਕਰ ਸਕਦੀ ਹੈ। ਜੇ ਅੱਗ ਲੱਗੀ ਤਾਂ ਵਿਸਫ਼ੋਟ ਵੀ ਹੋ ਸਕਦਾ ਹੈ। ਧਰਤੀ ਅੰਦਰ ਦਾ ਤਾਪਮਾਨ ਵੀ ਸਤਿਹ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਇਸ ਲਈ ਧਰਤੀ ਅੰਦਰ ਦਾ ਕੰਮ ਅਜਿਹੇ ਹਾਲਾਤ ਵਿੱਚ ਕੀਤਾ ਜਾਣ ਵਾਲਾ ਜੋਖ਼ਮ ਭਰਿਆ ਕੰਮ ਹੈ।"

### ਸੁਵਿਧਾਵਾਂ ਦੀ ਕਮੀ

ਮਾਈਨਜ਼ ਨਿਯਮਾਂ ਮੁਤਾਬਕ ਖਾਨਾਂ ਅੰਦਰ ਪਖਾਨਾ ਹੋਣਾ ਚਾਹੀਦਾ ਹੈ ਤਾਂ ਜੋ ਮਜ਼ਦੂਰ ਇਹਨਾਂ ਦੀ ਵਰਤੋਂ ਕਰ ਸਕਣ ਅਤੇ ਸਫ਼ਾਈ ਬਣੀ ਰਹੇ ਪਰ ਅਜਿਹਾ ਨਹੀਂ ਹੁੰਦਾ। ਜ਼ਿਆਦਾਤਰ ਖਾਨਾਂ ਵਿੱਚ ਪਖਾਨੇ ਨਹੀਂ ਹਨ। ਸੁਰੰਗਾਂ ਅੰਦਰ ਵੀ ਅਜਿਹੀ ਹੀ ਸਥਿਤੀ ਹੈ। ਉੱਤਰਕਾਸ਼ੀ ਦੇ ਸੁਰੰਗ ਪ੍ਰੋਜੈਕਟ ਵਿੱਚ ਕੰਮ ਕਰਨ ਵਾਲੇ ਝਾਰਖੰਡ ਦੇ ਮਜ਼ਦੂਰ ਅਤੇ ਝਰੀਆ ਕੋਲ ਬਲੌਕ ਦੀ ਮਾਈਨਜ਼ ਵਿੱਚ ਕੰਮ ਕਰਨ ਵਾਲੇ ਕਈ ਮਜ਼ਦੂਰਾਂ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਲਈ ਪਖਾਨੇ ਦਾ ਇੰਤਜ਼ਾਮ ਨਹੀਂ ਹੈ। ਇੱਕ ਮਜ਼ਦੂਰ ਨੇ ਬੀਬੀਸੀ ਨੂੰ ਕਿਹਾ, "ਪਿਸ਼ਾਬ ਆਵੇ ਤਾਂ ਖਾਨ ਵਿੱਚ ਕਿਤੇ ਵੀ ਕਰ ਲਓ। ਹਨੇਰਾ ਹੁੰਦਾ ਹੈ ਤਾਂ ਕੋਈ ਦੇਖਦਾ ਨਹੀਂ ਹੈ। ਪਖਾਨਾ ਆਵੇ ਤਾਂ ਵੀ ਇੱਕ ਖ਼ਾਸ ਥਾਂ ਉੱਤੇ ਜਾਣਾ ਹੁੰਦਾ ਹੈ। ਉਹ ਥਾਂ ਕੱਪੜੇ (ਪਰਦੇ) ਨਾਲ ਢਕੀ ਹੁੰਦੀ ਹੈ। ਇਸ ਤੋਂ ਇਲਾਵਾ ਹੋਰ ਕੋਈ ਉਪਾਅ ਨਹੀਂ ਹੈ। ਖਾਨ ਤੋਂ ਬਾਹਰ ਹੀ ਮੁਕੰਮਲ ਪਖਾਨਾ ਮਿਲਦਾ ਹੈ।"

### ਹਾਦਸੇ ਦੇ ਹਾਲਾਤ ਵਿੱਚ ਕੀ ਕਰਦੇ ਹਨ ?

ਖਾਨ ਜਾਂ ਸੁਰੰਗ ਅੰਦਰ ਹੋਣ ਵਾਲੇ ਹਾਦਸੇ ਕਾਫ਼ੀ ਭਿਆਨਕ ਹੁੰਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਰੈਸਕਿਊ ਕਰਨਾ ਔਖਾ ਹੁੰਦਾ ਹੈ ਅਤੇ ਜਾਨੀ ਨੁਕਸਾਨ ਹੋ ਜਾਂਦਾ ਹੈ। ਪੋਖਨ ਸਾਵ ਅਤੇ ਚੰਦੇਸ਼ਵਰ ਕੁਮਾਰ ਸਿੰਘ ਨੇ ਬੀਬੀਸੀ ਨੂੰ ਕਿਹਾ ਕਿ ਧਰਤੀ ਅੰਦਰ ਹੋਣ ਵਾਲੇ ਹਾਦਸਿਆਂ ਵਿੱਚ ਤਕਨੀਕ, ਸਮਰਪਣ ਅਤੇ ਦੁਆਵਾਂ ਇੱਕੋ ਸਿਲਸਿਲੇ ਤਹਿਤ ਕੰਮ ਕਰਦੀਆਂ ਹਨ। ਪੋਖਨ ਅਤੇ ਚੰਦੇਸ਼ਵਰ ਨੇ ਫਰਵਰੀ 2001 ਵਿੱਚ ਝਰੀਆ ਕੋਲ ਬਲੌਕ ਦੀ ਬਾਗਡਿਗੀ ਖਾਨ ਹਾਦਸੇ ਨੂੰ ਦੇਖਿਆ ਹੈ। ਉਸ ਹਾਦਸੇ ਵਿੱਚ 29 ਖਾਨ ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਉਦੋਂ ਸਿਰਫ਼ ਇੱਕ ਮਜ਼ਦੂਰ ਨੂੰ ਜ਼ਿੰਦਾ ਬਚਾਇਆ ਜਾ ਸਕਿਆ ਸੀ। ਪੋਖਨ ਸਾਵ ਨੇ ਬੀਬੀਸੀ ਨੂੰ ਕਿਹਾ, "ਉਦੋਂ 12 ਨੰਬਰ ਖਾਨ ਵਿੱਚ ਪਾਣੀ ਭਰ ਗਿਆ ਸੀ। ਪਾਣੀ ਐਨੀ ਤੇਜ਼ੀ ਨਾਲ ਭਰਿਆ ਕਿ ਕਿਸੇ ਨੂੰ ਬਾਹਰ ਆਉਣ ਵਿੱਚ ਸਫ਼ਲਤਾ ਨਹੀਂ ਮਿਲੀ। ਮਰੇ ਹੋਏ ਮਜ਼ਦੂਰਾਂ ਦੀਆਂ ਲਾਸ਼ਾਂ ਕੱਢਣ ਵਿੱਚ ਵੀ 7-8 ਦਿਨ ਲੱਗੇ। ਉਹ ਰੈਸਕਿਊ ਆਪਰੇਸ਼ਨ ਕਾਫ਼ੀ ਔਖਾ ਸੀ।" ਪੋਖਨ ਸਾਵ ਸਾਲ 2010 ਦੇ ਜੀਤਪੁਰ ਖਾਨ ਹਾਦਸੇ ਦੀ ਰੈਸਕਿਊ ਟੀਮ ਵਿੱਚ ਸ਼ਾਮਲ ਸਨ। ਉਦੋਂ ਲਿਫ਼ਟ ਦਾ ਗਰਮ ਲੋਹਾ ਖਾਨ ਅੰਦਰ ਜਾਣ ਨਾਲ ਭਿਆਨਕ ਅੱਗ ਲੱਗ ਗਈ ਸੀ। ਪੋਖਨ ਨੇ ਕਿਹਾ, "ਖਾਨ ਵਿੱਚ ਪਾਣੀ ਹੁੰਦਾ ਹੈ, ਜਿਸ ਦਾ ਰਸਾਇਣਕ ਗਠਨ ਹਾਈਡ੍ਰੋਜਨ ਅਤੇ ਆਕਸੀਜਨ ਦੇ ਮਿਲਣ ਨਾਲ ਹੁੰਦਾ ਹੈ। ਹਾਦਸੇ ਦੀ ਸਥਿਤੀ ਵਿੱਚ ਇਹ ਕੰਪਾਊਂਡ ਟੁੱਟ ਜਾਂਦਾ ਹੈ। ਹੁਣ ਹਾਈਡ੍ਰੋਜਨ ਅਤੇ ਆਕਸੀਜਨ ਵੱਖ-ਵੱਖ ਹੋ ਗਏ। ਹਾਈਡ੍ਰੋਜਨ ਜਵਲਨਸ਼ੀਲ ਗੈਸ ਹੈ ਅਤੇ ਆਕਸੀਜਨ ਇਸ ਵਿੱਚ ਮਦਦ ਕਰਦੀ ਹੈ। ਇਸ ਲਈ ਅੱਗ ਹੋਰ ਤੇਜ਼ੀ ਨਾਲ ਲੱਗਦੀ ਹੈ। ਇਸ ਲਈ ਥੋੜ੍ਹੀ ਜਿਹੀ ਗ਼ਲਤੀ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੀ ਹੈ।"

### ਬਿਮਾਰ ਹੋਣ ਦਾ ਖ਼ਤਰਾ

ਲੰਬੇ ਸਮੇਂ ਤੱਕ ਧਰਤੀ ਅੰਦਰ ਕੰਮ ਕਰਨ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਖ਼ਤਰੇ ਵੀ ਵੱਧ ਜਾਂਦੇ ਹਨ। ਖ਼ਾਸ ਤੌਰ ਉੱਤੇ ਕੋਲ ਮਾਈਨਜ਼, ਪੱਥਰ ਦੀ ਖਾਨ ਅਤੇ ਸੁਰੰਗ ਬਣਾਉਣ ਵਿੱਚ ਲੱਗੇ ਮਜ਼ਦੂਰਾਂ ਨੂੰ ਨਿਊਮੋਕੋਨੋਯੋਸਿਸ ਵਰਗੀ ਲਾਇਲਾਜ ਬਿਮਾਰੀ ਦੇ ਖ਼ਤਰੇ ਹੁੰਦੇ ਹਨ। ਇਹ ਬਿਮਾਰੀ ਜਾਨਲੇਵਾ ਹੈ, ਇਸ ਵਿੱਚ ਫ਼ੇਫੜਿਆਂ ਵਿੱਚ ਧੂੜ ਜਮਾਂ ਹੋ ਜਾਂਦੀ ਹੈ ਅਤੇ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗਦੀ ਹੈ। ਮਾਈਨਿੰਗ ਦੇ ਨਿਯਮਾਂ ਮੁਤਾਬਕ ਅਜਿਹੇ ਮਜ਼ਦੂਰਾਂ ਦੀ ਰੈਗੂਲਰ ਸਿਹਤ ਜਾਂਚ ਤੋਂ ਇਲਾਵਾ ਹਰ ਪੰਜ ਸਾਲ 'ਤੇ ਵਿਸ਼ੇਸ਼ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਪਰ ਅਜਿਹਾ ਅਕਸਰ ਨਹੀਂ ਹੁੰਦਾ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023




**No body have time to watch TV Advertisement**
**No body have time to read Physical newspapers**

# It's social time.

**Online News, Advertisement, Promotion Anytime anywhere.**

## Doesn't matter where are you.

**Advertisement with Preetnama.**
**Promote your business with TalkShow**
**We gave social stage to show yourself and your Business.**

**Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.**

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**



No ned to go anywhere, Just leave message on WhatsApp or email us. We will call you back.

## Contact immediately

**+1 201-312-4180,+1 917-328-8436**

www.preetnama.com, www.preetnews.com
Email- preetnamausa@gmail.com

# ਪ੍ਰੀਤ ਫੁਲਵਾੜੀ

## ਕਵਿਤਾ

27 ਨਵੰਬਰ ਲਈ ਸਾਝਾਂ ਦਾ ਸਤਿਕਾਰ ਨਾਨਕ
ਹਰ ਮਜ਼ਹਬ ਦਾ ਪਿਆਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਤਸ਼ਬੀਹਾਂ ਦਾ ਸਿਰਤਾਜ਼ ਹੈ ਉਹ।
ਸ਼ਾਇਰੀ ਵਿਚ ਮੁਮਤਾਜ਼ ਹੈ ਉਹ।
ਸ਼ਬਦਾਂ ਦਾ ਭੰਡਾਰ ਨਾਨਕ
ਸਾਝਾਂ ਦਾ ਸਤਿਕਾਰ ਨਾਨਕ।
ਦੁਸ਼ਮਣ ਨੂੰ ਸੀਨੇ ਨਾਲ ਲਾਵੇ।
ਭਟਕੇ ਨੂੰ ਵੀ ਰਾਹ ਵਿਖਾਵੇ।
ਜਿਉਂ ਝਰਨੇ ਦੀ ਧਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਏਦ੍ਹਾਂ ਬਾਲਾ ਤੇ ਮਰਦਾਨਾ।
ਉਮਰਾਂ ਤੱਕ ਦਾ ਸ਼ਫ਼ਰ ਸੁਹਾਣਾ।
ਬੈਠਾ ਹੈ ਵਿਚਕਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਉਸਨੂੰ ਏਦ੍ਹਾਂ ਅਮਲ ਪਿਆਰੇ।
ਜਿੱਦਾਂ ਚੰਨ ਦੇ ਨਾਲ ਸਿਤਾਰੇ।
ਸੱਚ ਦਾ ਹੈ ਇਕਰਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਅੰਬਰ ਵਾਂਗੂ ਹੋਂਦ ਰਵੇਗੀ।
ਬਾਣੀ ਸੂਰਜ ਵਾਂਗ ਕਵੇਗੀ।
ਧੰਨ-ਧੰਨ ਹੈ ਉਪਕਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਪੁੱਤ ਉਹ ਪੰਜ ਦਰਿਆਵਾਂ ਦਾ।
ਸਭ ਧਰਮਾਂ ਦੀਆਂ ਮਾਵਾਂ ਦਾ।
ਸੱਚੀ ਹੈ ਅਵਤਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਬਾਣੀ ਨਾਲ ਹਲੀਮੀ ਭਰਕੇ।
ਦੁਸ਼ਮਣ ਦੇ ਸੀਨੇ ਵਿਚ ਧਰਕੇ।
ਚੁੱਕਦਾ ਨਈ ਤਲਵਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਬੰਦ ਰਸਤੇ ਨੂੰ ਰਾਹ ਵਿਖਾਵੇ।
ਡੁੱਬਦੇ ਨੂੰ ਜਿਉਂ ਸਾਹ ਦਿਵਾਵੇ।
ਲਾਏ ਬੇੜਾ ਪਾਰ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
ਸਭ ਸਰਹੱਦਾਂ ਦਾ ਰਖਵਾਲਾ।
ਪੰਜਾਬੀ ਉਰਦੂ ਦਾ ਉਜਾਲਾ।
ਗੁਰੂ ਪੀਰਾਂ ਦੀ ਸ਼ਾਨ ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।
'ਬਾਲਮ' ਨਾਨਕ ਸੱਚੀ ਸ਼ਕਤੀ।
'ਬਾਲਮ' ਨਾਨਕ ਸੱਚ-ਖੰਡ ਭਗਤੀ।
ਖੋਜੀ ਇੱਕ ਓਂਕਾਰ (ੴ) ਨਾਨਕ।
ਸਾਝਾਂ ਦਾ ਸਤਿਕਾਰ ਨਾਨਕ।

**ਬਲਵਿੰਦਰ 'ਬਾਲਮ' ਗੁਰਦਾਸਪੁਰ।**
**ਮੋਬਾਈਲ - 98156-25409**

******************************

## ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ

ਜ਼ੁਰਮ ਕਰਨਾ ਨਹੀਂ ਅਤੇ ਨਾ ਹੀ ਸਹਿਣਾ
ਗੁਰੂ ਜੀ ਦਾ ਸਿੱਖਾਂ ਨੂੰ ਇਹੀ ਸੀ ਕਹਿਣਾ
ਦੁੱਖਾਂ 'ਚ ਵੀ ਛਾਈ ਕੈਸੀ ਮਸਤੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।
ਖਾਲਸਾ ਪੰਥ ਦੀ ਕਰਕੇ ਸਾਜਣਾ, ਗੋਬਿੰਦ ਰਾਏ
ਤੋਂ ਸਿੰਘ ਬਣੇ ਸੀ
ਸਵਾ-ਸਵਾ ਲੱਖ ਦੇ ਸਾਹਮਣੇ, ਇੱਕ-ਇੱਕ ਫਿਰ
ਸਿੰਘ ਤਣੇ ਸੀ
ਤੀਰਾਂ ਦੀ ਬਾਰਿਸ਼ ਐਸੀ ਬਰਸੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।
ਵੱਧਦੇ-ਵੱਧਦੇ ਜ਼ੁਲਮਾਂ ਦੀ ਜਦ ਹੱਦ ਹੋ ਗਈ
ਸਰਹਿੰਦ ਫਿਰ ਹਿੰਦੋਸਤਾਨ ਦੀ, ਸਰਹੱਦ ਹੋ ਗਈ
ਜ਼ਫ਼ਰਨਾਮਾ ਲਿੱਖ ਕੇ ਭੇਜਿਆ ਦਸਤੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।
ਅਜੀਤ ਤੇ ਜੁਝਾਰ ਦੀ ਲਿਸ਼ਕਦੀ ਤਲਵਾਰ ਤੋਂ
ਤੇ ਡੁੱਲ੍ਹੇ ਹੋਏ ਲਹੂ, ਸਰਹਿੰਦ ਦੀ ਦੀਵਾਰ ਤੋਂ
ਡੁੱਬ ਰਹੀ ਮੁਗਲ ਹਕੂਮਤ ਦੀ ਕਸ਼ਤੀ ਹੈ
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।
ਚਿਹਰੇ ਦਾ ਤੇਜ਼ ਜਿਵੇਂ ਨੂਰ ਇਲਾਹੀ
ਕਾਇਨਾਤ ਵੀ ਭਰ ਰਹੀ ਹੈ ਗਵਾਹੀ
ਬੰਦੇ ਬਹਾਦਰ ਨੂੰ ਦਾਤ ਜਿੱਤ ਦੀ ਬਖ਼ਸ਼ੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।
ਜ਼ਿੰਦਗੀ ਨਾਲੋਂ ਮੰਨੀ ਮੌਤ ਸਸਤੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ,
ਇਹੀ ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਹੈ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

## ਬਾਬਾ ਨਾਨਕ ਦੇਵ ਜੀ

ਤਾਰਾਂ ਕੋਲ ਖੜ ਕੇ.....
ਰਹਿੰਦੇ ਸੀ,
ਅਸੀ ਮੱਥੇ ਟੇਕਦੇ
ਦੂਰਬੀਨਾਂ ਅੱਖਾਂ ਤੇ ਲਾ ਕੇ,
ਦਰਬਾਰ ਰਹਿੰਦੇ ਸੀ, ਤੇਰਾ ਵੇਖਦੇ,
ਕੀ ਤੋ ਕੀ ਕਰ,
ਵਿੱਖਾ ਦਿੱਤਾ........
ਬਾਬਾ
ਚੁੱਕਤੇ ਬਾਡਰ ਸਾਰੇ ਏ,
ਤੇਰੀਆ ਤੂੰ ਹੀ ਜਾਣਦਾ ਆ,
ਅਸੀ ਹਾਂ ਭੁੱਲਣ ਹਾਰੇ,.....!!
ਗਲ ਵਿੱਚ ਪਾ ਕੇ ਪਾਲੂ,
ਮੰਗਦੇ ਸੀ,
ਬਸ ਦਰਸ਼ਨ ਦੀਦਾਰੇ,
ਕਰ ਦਿੱਤੀਆਂ,
ਬਾਬਾ ਰਹਿਮਤਾਂ,
ਸ਼ੀਸ਼ ਝੁਕਾਉਣ, ਸੰਗਤਾਂ ਦਰਬਾਰੇ,
ਤੂੰ ਸਭ ਦੇ ਦਿਲਾਂ ਦੀਆਂ ਜਾਣਦਾ
ਜਾਈਏ ਤੇਰੇ ਬਲਿਹਾਰੇ
ਤੇਰੀਆ ਤੂੰ ਹੀ ਜਾਣਦਾ ਆ,
ਅਸੀ ਹਾਂ, ਭੁੱਲਣ ਹਾਰੇ ਏ......!!
ਦੁਸਮਣਾਂ ਦੇ
ਦਿਲ ਕਰੇ ਮੋਮ ਨੇ,
ਆਪਸ 'ਚ ਗਲਵੱਕੜੀ ਪਵਾਈਆਂ
ਕੱਢ ਦਿਲੋ ਵੈਰ ਵਿਰੋਧ ਨੇ,
ਰਲ ਦੋਨੋ ਮੁਲਕਾਂ, ਰੌਆਂ ਬਣਾਈਆਂ
ਹਿੰਦੂ, ਸਿੱਖ ਮੁਸਲਮਾਨ,
ਰਲ ਬਹਿਗੇ ਸਾਰੇ,
ਤੇਰੀਆ ਤੂੰ ਹੀ ਜਾਣਦਾ ਆ,
ਬਾਬਾ ਅਸੀ ਜਾਈਏ ਬਲਿਹਾਰੇ ਏ....!!
ਜਿੱਥੇ ਕੀਤੀਆਂ
ਦਸਾਂ ਨਹੁੰਆਂ ਕਿਰਤਾਂ,
ਮਿੱਟੀ ਮੱਥੇ, ਚੁੰਮ ਚੁੰਮ ਲਾਈਏ
"ਦੀਪ"
ਚੱਲੀਏ ਉਨਾ ਦੇ ਉਪਦੇਸ਼ ਤੇ
ਰੋਟੀ ਹੱਕ ਸੱਚ ਦੀ ਖਾਈਏ
ਏਕ ਨੂਰ ਤੇ ਸਭ ਜਗ ਉਪਜੈ,
ਬਾਬਾ ਸ਼ਬਦ ਉਚਾਰੇ ਏ,
ਤੇਰੀਆ ਤੂੰ ਹੀ ਜਾਣਦਾ ਆ
ਬਾਬਾ ਅਸੀ ਜਾਈਏ ਤੇਰੇ ਬਲਿਹਾਰੇ ਏ,

**ਦੀਪ ਰੱਤੀ**
**9815478547**

## ਪਲ ਦੀ ਪਲ

ਮੈਂ ਇਹ ਕਦ ਕਿਹਾ
ਕਿ ਤੁਸੀਂ ਕਰੋ ਨਾ
ਬੁੱਤਾਂ ਦੀ ਪੂਜਾ।
ਮੈਂ ਤਾਂ ਸਿਰਫ ਏਨਾ ਕਿਹਾ
ਕਿ ਪਲ ਦੀ ਪਲ ਇਹ ਸੋਚੋ
ਕਿ ਜਿਨ੍ਹਾਂ ਦੇ ਬੁੱਤਾਂ ਦੀ
ਤੁਸੀਂ ਕਰਦੇ ਹੋ ਪੂਜਾ,
ਉਨ੍ਹਾਂ ਨੇ ਆਪਣੇ
ਇਨਸਾਨੀ ਜਾਮੇ 'ਚ
ਤੁਹਾਡੇ ਪੂਰਵਜਾਂ ਲਈ
ਜਾਂ ਤੁਹਾਡੇ ਲਈ
ਕੀ ਕੁੱਝ ਕੀਤਾ ਹੈ,
ਜੇ ਕੁੱਝ ਨਹੀਂ ਕੀਤਾ,
ਤਾਂ ਫਿਰ ਉਨ੍ਹਾਂ ਦੇ ਬੁੱਤਾਂ ਨੂੰ
ਆਪਣੇ ਘਰਾਂ ਚੋਂ
ਤੇ ਆਪਣੇ ਦਿਲਾਂ ਚੋਂ ਕੱਢ ਦਿਉ
ਤੇ ਉਨ੍ਹਾਂ ਦਾ ਸਤਿਕਾਰ ਕਰੋ
ਜੋ ਤੁਹਾਡੇ ਲਈ
ਆਪਣਾ ਤਨ,ਮਨ,ਧਨ
ਵਾਰ ਰਹੇ ਨੇ
ਜਾਂ ਵਾਰਨ ਨੂੰ ਤਿਆਰ ਨੇ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

## ਕਵਿਤਾ

ਓ ਵੀ ਸਮਾਂ ਸੀ ਸਾਡਾ ਚੱਲਦਾ,
ਜਦੋਂ ਦੇਸੀ ਘਿਓ ਦੇ ਪੀਪੇ ਆਉਂਦੇ ਸੀ।
ਕਦੇ ਰੱਖ ਪਰੌਠਿਆਂ ਤੇ, ਕਦੇ ਵਿੱਚ ਸਾਗ ਦੇ
ਪਾਉਂਦੇ ਸੀ।
ਮਾਂ ਸੀ ਸਾਡੀ,ਚੂਰੀਆਂ ਕੁੱਟਦੀ,
ਕਦੇ ਸ਼ੁਕਰ,ਕਦੇ ਖੰਡ ਦੀਆਂ।
ਦੇਸੀ ਘਿਓ ਦੀਆਂ ਬਣਵਾ ਪਿੰਨੀਆਂ,
ਵਿਚ ਸਹੇਲੀਆਂ ਵੰਡਦੀਆਂ।
ਜ਼ਮੀਨ ਜਾਇਦਾਦ ਸੀ ਬਥੇਰੀ,
ਨਾ ਫ਼ਿਕਰ ਕੋਈ ਭੋਰਾ ਸੀ।
ਬਾਪ ਸਿਰ ਸੀ ਸਰਦਾਰੀ ਸਾਡੀ,
ਨਾ ਕਿਸੇ ਗੱਲ ਦਾ ਝੋਰਾ ਸੀ।
ਪਤਾ ਨਾ ਲੱਗਿਆ ਕਿਹੜੇ ਵੇਲੇ,
ਨਸ਼ਿਆਂ ਘਰ ਸਾਡੇ ਡੇਰਾ ਲਾਇਆ।
ਬਹੁਤ ਸਮਝਾਇਆ ਕਈਆਂ ਬਾਪੂ ਨੂੰ,
ਬਾਪੂ ਸਮਝ ਨਾ ਪਾਇਆ।
ਨਸ਼ਿਆਂ ਜ਼ਿੰਦਗੀ ਸਾਡੀ, ਰੋਲ ਦਿੱਤੀ,
ਰੋਲ ਸਾਨੂੰ ਉਲਟਾ ਚੱਕਰ ਚਲਾਇਆ।
ਨਸ਼ਿਆਂ ਨੂੰ ਕਦੇ ਵੀ ਭੁੱਲ ਕੇ,
ਨਾ ਕੋਈ ਹੱਥ ਲਗਾਵੇ।
ਆਪ ਬਚੇ ਭੈੜੇ ਨਸ਼ਿਆਂ ਤੋਂ,
ਨਾਲੇ ਹੋਰਾਂ ਨੂੰ ਸਮਝਾਏ।

**ਸਰਬਜੀਤ ਸੰਗਰੂਰਵੀ**
**9463162463**

## ਕਵਿਤਾ

ਇੰਡੀਆ ਬਨਾਮ ਅਸਟ੍ਰੇਲੀਆ
ਖੇਡਾਂ ਵਿੱਚ ਇੰਡੀਆ ਸ਼ਰਮਸਾਰ ਹੋਇਆ,
ਕਹਿਣ ਅੱਗੇ ਤੋਂ ਜਿੱਤਾਂਗੇ ਫੇਰ ਮੀਆਂ।
ਕੁੱਟੇ ਘਰੇ ਆ ਕੇ ਬਿਗਾਨਿਆਂ ਨੇ,
ਉਹ ਵੀ ਪੁੱਤ ਮਾਵਾਂ ਦੇ ਸ਼ੇਰ ਮੀਆਂ।
ਲਾ ਚੌਕੇ ਛਿੱਕੇ ਉਹਨਾਂ ਕਮਾਲ ਕੀਤੀ,
ਇਹ ਰਹਿਗੇ ਮਿੱਟੀ ਦੇ ਢੇਰ ਮੀਆਂ।
ਜਿਹੜੇ ਬੈਠੇ ਸੀ ਜਿੱਤ ਦੀ ਆਸ ਲਾਈ,
ਅੱਖਾਂ ਮੀਚਣ ਤੇ ਚੜ੍ਹੇ ਘੇਰ ਮੀਆਂ।
ਘਰੋਂ ਗਏ ਸੀ ਨਾਲ ਖੁਸ਼ੀਆਂ ਦੇ,
ਮੁੜਦਿਆਂ ਲੱਗੀ ਨਾ ਦੇਰ ਮੀਆਂ।
ਹਰ ਪਾਸਿਓਂ ਨਾ ਛੱਡੀ ਸੀ ਕਸਰ ਕੋਈ,
ਪਾਏ ਹਵਨ ਤੇ ਸੁੱਟੇ ਲਲੇਰ ਮੀਆਂ।
ਛੇਵੀਂ ਵਾਰ ਅਸਟ੍ਰੇਲੀਆ ਜਿੱਤ ਚੱਲਿਆ,
ਵੇਖ ਨਿਕਲੇ ਭਾਰਤ ਦੀ ਲੇਰ ਮੀਆਂ।
ਅਬ ਪਛਤਾਇਆ ਕਿਆ ਹੋਣ ਵਾਲਾ,
ਜਦ ਤੋਤਿਆਂ ਚੁਗਲੇ ਬੇਰ ਮੀਆਂ।
ਪੱਤੋ, ਹੁਣ ਛੱਡ ਕਿਸਮਤ ਨੂੰ ਕੋਸਣਾ ਤੂੰ,
ਕਰ ਹਿੰਮਤ, ਭੁੱਲ ਨਾ ਐਵੇਂ ਟੇਰ ਮੀਆਂ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਕਵਿਤਾ

ਨਹਿਰਾਂ ਵਿੱਚ ਪਾਣੀ -1
ਨਹਿਰਾਂ ਵਿੱਚ ਪਾਣੀ ਕੋਈ ਨਾ,
ਕਿੱਦਾਂ ਮਨਾਈਏ ਖੁਸ਼ੀ ਅਸੀਂ,
ਰੱਬਾ ਸਾਡਾ ਹਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਛੱਡ ਮੈਨੂੰ ਨੈਣ ਜੋਤੀ ਨੇ,
ਕਰੀਂ ਗੱਲ ਸਿਆਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਤੋੜਿਆ ਦਿਲ ਜਿਸਨੇ ਮੇਰਾ,
ਉਹ ਤਾਂ ਹਾਲੇ ਨਿਆਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਇਲਜ਼ਾਮ ਲਾਉਣ ਵੇਲੇ ਨੈਣ ਜੋਤੀ ਨੇ,
ਸਾਰੀ ਸੱਚਾਈ ਜਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਮਰ ਗਏ ਬਦਨਾਮੀ ਖੱਟ ਜਿਸ ਪਿੱਛੇ,
ਉਸ ਨਾਲ ਖੁਸ਼ੀ ਮਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਹਾਰੀ ਸਾਰੀ ਬਾਜ਼ੀ ਜਦੋਂ ਦੀ,
ਲੱਗੇ ਚੰਗੀ ਢਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਕਹਿ ਕਿਵੇਂ ਦਿਆਂ,ਕਰੀਂ ਉਸ,
ਕਦੇ ਵੰਡ ਕਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਬੀਤ ਗਈ ਉਮਰ ਸਾਰੀ ਸੰਗਰੂਰਵੀ,
ਸੁਲਝੀ ਹਾਲੇ ਤੱਕ ਤਾਣੀ ਕੋਈ ਨਾ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
**9463162463**

## ਗੀਤ ਆਉਣ ਵਾਲੀ

ਆਉਣ ਵਾਲੀ ਤਾਰੀਖ਼ ਹੈ ਸਤਾਈ ਮਿੱਤਰੋ।
ਦਿੱਲੀ ਜਾ ਕੇ ਪਾਉਣੀ ਹੈ ਦੁਹਾਈ ਮਿੱਤਰੋ।
ਬੱਚਾ ਬੁੱਢਾ ਸਾਰੇ ਅਸੀਂ ਇੱਕ ਹੋ ਗਏ।
ਹੌਸਲੇ ਨੇ ਸਾਡੇ ਬੜੇ ਟਿੱਕ ਹੋ ਗਏ।
ਸੁਣ ਲਓ ਸਾਰੇ ਮਾਈ ਭਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਅਸੀਂ ਸਿੰਘ ਸੂਰਮੇ ਨਾ ਪਿੱਛੇ ਹੱਟਦੇ।
ਸਦੀਆਂ ਤੋਂ ਆਉਂਦੇ ਇਤਿਹਾਸ ਰੱਚਦੇ।
ਸਾਨੂੰ ਗੁਰਾਂ ਦਿੱਤੀ ਸਿਖਲਾਈ ਮਿੱਤਰੋ।
ਆਉਣ ਵਾਲੀ ਤਾਰੀਖ਼......।
ਹੱਕ ਕਦੇ ਛੱਡੀਏ ਨਾ ਅਸੀਂ ਆਪਣੇ।
ਨਾਪ ਲਵੋ ਜਿੰਨ੍ਹਾਂ ਸਾਡੇ ਹੌਸਲੇ ਨੇ ਨਾਪਣੇ।
ਫੋਕੀ ਕਦੇ ਮਾਰੀ ਨਾਂ ਭਕਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਅੰਨਦਾਤਾ ਐਵੇਂ ਨਹੀਂ ਲੋਕ ਆਖਦੇ।
ਤੈਨੂੰ ਕਿਹੜੀ ਗੱਲੋਂ ਕਮਜ਼ੋਰ ਜਾਪਦੇ।
ਇਤਿਹਾਸ ਦਿੰਦਾ ਸਾਡੀ ਅਗਵਾਈ ਮਿੱਤਰੋ।
ਆਉਣ ਵਾਲੀ ਤਾਰੀਖ਼......।
ਧੱਕੇ ਸ਼ਾਹੀ ਕਦੇ ਨਾ ਬਰਦਾਸ਼ਤ ਕਰਦੇ।
ਵੱਡੇ ਵੱਡੇ ਰਹਿਣ ਸਾਡਾ ਪਾਣੀ ਭਰਦੇ।
ਨੇਤਾ ਗਿਰੀ ਮਾਰਦਾ ਭਕਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਸਦਾ ਰਹੇ ਦਿੱਲੀਏ ਤੂੰ ਧੱਕੇ ਕਰਦੀ।
ਹੁਣ ਵੇਖੀਂ ਕਿਵੇਂ ਹੈ ਤੂੰ ਪਾਣੀ ਭਰਦੀ।
'ਅਟਵਾਲ' ਨੇ ਹੈ ਕੀਤੀ ਸੁਣਵਾਈ ਮਿੱਤਰੋ।
ਆਉਣ ਵਾਲੀ ਤਾਰੀਖ਼.......।

**ਕਰਨੈਲ ਅਟਵਾਲ**
**ਕਣਕਵਾਲ ਚਹਿਲਾਂ(ਮਾਨਸਾ)**
**ਸੰਪਰਕ:75082-75052**

## ਮੰਜ਼ਰ 84 ਦਾ

ਸੰਨ ਸੀ 84, ਹਫ਼ਤਾ ਸੀ ਪਹਿਲਾ ਜੂਨ ਦਾ,
ਸਰਕਾਰੀ ਤੰਤਰ ਪਿਆਸਾ ਸੀ, ਸੰਤਾਂ ਦੇ ਖ਼ੂਨ
ਦਾ।
ਚਾਰੇ ਪਾਸਿਓਂ ਗੋਲੀਆਂ ਦੇ, ਨਿਸ਼ਾਨੇ ਵਿੰਝ ਹੋ
ਗਏ,
ਹਮਲੇ 'ਚ ਸੈਂਕੜੇ, ਸ਼ਹੀਦ ਸਿੰਘ ਹੋ ਗਏ।
ਹੱਥ ਖੜ੍ਹੇ ਕਰ ਕੁਝ, ਨੇਤਾ ਬਾਹਰ ਆ ਗਏ,
ਗੱਦਾਰੀ ਵਾਲੇ ਲੇਬਲਾਂ ਨਾਲ, ਜਾਨ ਸੀ ਬਚਾ
ਗਏ।
ਹਾਕਮਾਂ ਨੇ ਜ਼ੁਲਮਾਂ ਦੀ ਹੱਦ ਸੀ ਮੁਕਾ ਦਿੱਤੀ,
ਕਹਿੰਦੇ ਸਿੱਖੀ ਬੂਟੇ ਵਾਲੀ ਵੇਲ ਹੀ ਸੁਕਾ ਦਿੱਤੀ।
ਗਲਾਂ ਵਿੱਚ ਟਾਇਰ ਪਾਏ ਨਵੰਬਰ ਮਹੀਨੇ,
ਯਾਦ ਕਰ ਅੱਗ ਸਾਡੇ ਉੱਠਦੀ ਏ ਸੀਨੇ।
ਭਾਂਬੜ ਉਹ ਅੱਗ ਦੇ ਅੱਜ ਵੀ ਨੇ ਦਿਸਦੇ,
ਨਾਸੂਰ ਬਣੇ ਜ਼ਖ਼ਮ ਉਹ ਅੱਜ ਵੀ ਨੇ ਰਿਸਦੇ।
ਹਰ ਸਾਲ ਅੱਖਾਂ 'ਚ, ਦ੍ਰਿਸ਼ ਉਹੀ ਘੁੰਮਦਾ,
ਜਿਵੇਂ ਕੋਈ ਯੋਧਾ ਰੱਸਾ, ਫਾਂਸੀ ਵਾਲਾ ਚੁੰਮਦਾ।
ਨਸਲਕੁਸ਼ੀ ਦੀ ਕੋਸ਼ੀ, ਚਾਲ ਸਰਕਾਰੀ ਸੀ,
ਸਿੱਖਾਂ ਨਾਲ ਕੀਤੀ ਜਦੋਂ, ਸਿਰੇ ਦੀ ਮੱਕਾਰੀ ਸੀ।
ਕਿੱਦਾਂ ਭੁੱਲ ਜਾਈਏ, 'ਚੀਮੇ' ਮੰਜ਼ਰ 84 ਦਾ,
ਸੀਨੇ ਸਾਡੇ ਖੁੱਭਿਆ, ਜੋ ਖੰਜ਼ਰ 84 ਦਾ,
ਸੀਨੇ ਸਾਡੇ ਖੁੱਭਿਆ, ਜੋ ਖੰਜ਼ਰ 84 ਦਾ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਹਿਗੜ੍ਹ ਸਾਹਿਬ**
**ਮੋਬਾਈਲ ਨੰ: 9888940211**

## ਖਵਾਜ਼ਿਆਂ ਦੇ ਡੱਬੂ ਗਵਾਹ

ਮਨ ਮੋਤੀ ਤੇ ਦੁੱਧ ਬੋਲਿਉਂ ਤਿੰਨਾਂ ਦਾ ਇੱਕੋ ਸੁਭਾਅ
ਫੱਟ ਜਾਂਦੇ ਸੂਤ ਨਾ ਆਉਂਦੇ ਭਾਵੇਂ ਕਰੀਏ ਲੱਖ ਉਪਾਅ
ਜਿਵੇਂ ਤਾਰਾ ਟੁੱਟਿਆ ਅੰਬਰੋਂ ਨਾ ਮਿਲੇ ਅਸਮਾਨੀ ਜਾਹ
ਬਿਨਾਂ ਕਿਸੇ ਦੇ ਪੁੱਛੇ ਤੋਂ ਯਾਰੋ ਦੇਈਏ ਨਾ ਕਦੇ ਸਲਾਹ
ਇੱਕੋ ਤੀਲੀ ਅੱਗ ਦੀ ਕਰ ਦਿੰਦੀ ਲੱਖਾਂ ਜੰਗਲ ਸਵਾਹ
ਅੱਜਕਲ ਵੇਖੋ ਬਹੁਤੇ ਬਣਦੇ ਖਵਾਜ਼ਿਆਂ ਦੇ ਡੱਬੂ ਗਵਾਹ
ਗੁੰਡੇ ਇੱਜਤਾਂ ਸੜਕਾਂ ਉੱਤੇ ਰੋਲਦੇ ਕਰਦੇ ਜ਼ਬਰ ਜਿਨਾਹ
ਅੱਜਕਲ ਵੇਖੋ ਬਹੁਤੇ ਹੁੰਦੇ ਕਚਿਹਰੀਆਂ ਵਿੱਚ ਪ੍ਰੇਮ ਵਿਆਹ
ਤੂੰ ਕੀ ਕਿਸੇ ਤੋਂ ਲੈਣਾ ਜਸਵਿੰਦਰਾ ਐਵੇ ਫਸ ਨਾ ਖਾਹ ਮਖਾਹ
ਅਸੀਂ ਆਪਣੇ ਹੱਥੀਂ ਆਪਣਾ ਆਪੇ ਬੈਠੇ ਆਪਣਾ ਆਪ ਗਵਾ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆਂ**
**ਮਮਦੋਟ ਫਿਰੋਜ਼ਪੁਰ 7589155501**

## .ਗ਼ਜ਼ਲ

ਜਿਸ ਦਾ ਇੱਥੇ ਜੀਣਾ ਹੀ ਦੁਸ਼ਵਾਰ ਹੈ,
ਨਰਕ ਉਸ ਨੂੰ ਲੱਗਦਾ ਇਹ ਸੰਸਾਰ ਹੈ।
ਉਹ ਹਰਿਕ ਦੇ ਫਿਰਦਾ ਹੈ ਗਲ ਪੈਣ ਨੂੰ,
ਉਸ ਨੂੰ ਤਾਂ ਕੁਝ ਕਹਿਣਾ ਹੀ ਬੇਕਾਰ ਹੈ।
ਮਾਣ ਉਹ ਕੀ ਕਰਨ ਨਸ਼ਈ ਪੁੱਤ ਤੇ ?
ਮਾਪਿਆਂ ਦੇ ਸਿਰ ਤੇ ਉਹ ਤਾਂ ਭਾਰ ਹੈ।
ਕਿਉਂ ਨਾ ਫਿਰ ਉਹ ਪਿਆਰ ਮਾਇਆ ਨੂੰ ਕਰੇ ?
ਆਦਮੀ ਜਦ ਇਸ ਬਿਨਾਂ ਬੇਕਾਰ ਹੈ।
ਸਾਥ ਦੋਸਤ ਛੱਡ ਜਾਂਦੇ ਨੇ ਉਦੋਂ,
ਆਦਮੀ ਹੁੰਦਾ ਜਦੋਂ ਲਾਚਾਰ ਹੈ।
ਉਸ ਨੂੰ ਬਾਹਰ ਜਾ ਕੇ ਵੀ ਇੱਜ਼ਤ ਮਿਲੇ,
ਜਿਸ ਨੂੰ ਮਿਲਦਾ ਆਪਣੇ ਘਰ ਪਿਆਰ ਹੈ।
ਕਰਕੇ ਨਫ਼ਰਤ ਖ਼ਤਮ,ਬੈਠਾਵੇ ਕੰਠੇ,
ਬਹੁਤ ਸ਼ਕਤੀਸ਼ਾਲੀ ਹੁੰਦਾ ਪਿਆਰ ਹੈ।

**ਮਹਿੰਦਰ ਸਿੰਘ ਮਾਨ**
**9915803554**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 227

Website: www.preetnama.com Email preetnamausa@gmail.com

24 NOV TO 30 NOV, 2023


